ਇੰਡਸਇੰਡ ਬੈਂਕ ਡੈਬਿਟ ਕਾਰਡ ਦੀ ਵਰਤੋਂ ਵਾਸਤੇ ਨਿਯਮ ਤੇ

IndusInd Bank

ਨਿਯਮ ਅਤੇ ਸ਼ਰਤਾਂ

ਜ਼ਰੂਰੀ ਨੁਕਤੇ: ਕਿਰਪਾ ਕਰਕੇ ਇੰਡਸਇੰਡ ਬੈਂਕ ਲਿਮਟਡ ('ਬੈਂਕ') ਦੇ ਡੈਬਿਟ ਕਾਰਡ ਨੂੰ ਵਰਤਣ ਤੋਂ ਪਹਿਲਾਂ ਇਹਨਾਂ ਡੈਬਿਟ ਕਾਰਡ ਸਬੰਧੀ ਨਿਯਮਾਂ ਅਤੇ ਸ਼ਰਤਾਂ ਨੂੰ ਧਿਆਨ ਨਾਲ ਪੜ੍ਹ ਲਵੋ। ਡੈਬਿਟ ਕਾਰਡ ਨੂੰ ਵਰਤਕੇ ਤੁਸੀਂ ਨਿਮਨ ਲਿਖਤ ਨਿਯਮਾਂ ਅਤੇ ਸ਼ਰਤਾਂ ਨੂੰ ਬਗੈਰ ਕਿਸੇ ਸ਼ਰਤ ਦੇ ਨਮਜ਼ੂਰ ਕਰਦੇ ਹੋ ਅਤੇ ਇਹਨਾਂ ਨਾਲ ਬੱਝੇ ਰਹੋਗੇ, ਅਤੇ ਤੁਸੀਂ ਇਹ ਸੁਨਿਸ਼ਚਿਤ ਤਕਨ ਦੀ ਪੂਰੀ ਜ਼ਿਮੇਵਾਰੀ ਲੈਂਦੇ ਹੋ ਕਿ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਲਾਗੂ ਨਿਯਮ, ਆਰਬੀਆਈ ਦੇ ਐਕਸਚੇਂਜ ਕੰਟਰੋਲ ਨਿਯਮ, ਵਿਦੇਸ਼ੀ ਮੁਦਰਾ ਪ੍ਰਬੰਧਨ ਕਾਨੂੰਨ, 1999 (FEMA), ਇਸ ਕਾਨੂੰਨ ਤਹਿਤ ਬਣਾਏ ਗਏ ਸਾਰੇ ਨਿਯਮ ਅਤੇ ਵਿਧਾਨ, ਸਮੇਂ-ਸਮੇਂ ਤੇ ਕੀਤੀਆਂ ਗਈਆਂ ਸੋਧਾਂ/ਤਬਦੀਲੀਆਂ ਸਮੇਤ, ਅਤੇ ਸਮੇਂ-ਸਮੇਂ ਤੇ ਲਾਗੂ ਹੋਣ ਵਾਲੇ ਹੋਰ ਸਬੰਧਿਤ ਕਾਨੂੰਨਾਂ ਦੀ ਪਾਲਣਾ ਕੀਤੀ ਜਾਵੇ। ਤੁਸੀਂ ਆਪਦੇ ਸੇਵਿੰਗ ਬੈਂਕ ਖਾਤੇ/ਕਰੰਟ ਖਾਤੇ ਦੀ ਚਾਲੂ ਕਰਨ ਨਾਲ ਸਬੰਧਿਤ ਨਿਯਮਾਂ ਅਤੇ ਬੈਂਕ ਵੱਲੋਂ ਨਿਰਧਾਰਤ ਹੋਰ ਸ਼ਰਤਾਂ ਨਾਲ ਵੀ ਬੱਝੇ ਰਹੋਗੇ।

ਪਰਿਭਾਸ਼ਾਵਾਂ:

"ਕਾਰਡ" ਜਾਂ "ਡੈਬਿਟ ਕਾਰਡ" ਤੋਂ ਭਾਵ ਬੈਂਕ ਵੱਲੋਂ ਕਾਰਡਧਾਰਕ ਦੀ ਸਹਿਮਤੀ ਦੇ ਆਧਾਰ 'ਤੇ ਜਾਰੀ ਕੀਤਾ ਗਿਆ ਮਾਸਟਰ ਕਾਰਡ/ਵੀਜ਼ਾ/ਰੁਪੇ ਡੈਬਿਟ ਕਾਰਡ ਹੈ। ਡੈਬਿਟ ਕਾਰਡ ਇੱਕ ਭੌਤਿਕ ਜਾਂ ਵਰਚੁਅਲ ਭੁਗਤਾਨ ਸਾਧਨ ਹੈ ਜਿਸ ਵਿੱਚ ਪਹਿਚਾਣ ਦਾ ਮਾਧਿਅਮ ਹੁੰਦਾ ਹੈ ਅਤੇ ਜੋ ਸੇਵਿੰਗ/ਕਰੰਟ ਬੈਂਕ ਖਾਤੇ ਨਾਲ ਜੋੜਿਆ ਹੁੰਦਾ ਹੈ, ਜਿਸ ਦੀ ਮਦਦ ਨਾਲ ਨਗਦ ਨਿਕਾਸੀ, ਔਲਾਈਨ ਭੁਗਤਾਨ, ਪੀਓਐਸ ਟਰਮੀਨਲ/ਕੁਇਕ ਰਿਸਪਾਂਸ (ਕਿਆਓਆਰ) ਕੋਡ ਲੈਣ-ਦੇਣ ਆਦਿ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਦੇ ਤਹਿਤ ਕੀਤੇ ਜਾ ਸਕਦੇ ਹਨ।

"ਕਾਰਡਧਾਰਕ" ਤੋਂ ਭਾਵ ਬੈਂਕ ਦਾ ਉਹ ਗ੍ਰਾਹਕ ਹੈ ਜਿਸਨੂੰ ਇੰਡਸਇੰਡ ਬੈਂਕ ਡੈਬਿਟ ਕਾਰਡ ਜਾਰੀ ਕੀਤਾ ਗਿਆ ਹੈ।

"ਖਾਤਾ"(ਤੇ) ਤੋਂ ਭਾਵ ਕਾਰਡਧਾਰਕ ਦੇ ਉਹ ਸੇਵਿੰਗ ਜਾਂ ਕਰੰਟ ਖਾਤੇ ਹਨ ਜਿਨ੍ਹਾਂ ਨੂੰ ਬੈਂਕ ਵੱਲੋਂ ਡੈਬਿਟ ਕਾਰਡ ਦੀ ਵੈਧ ਵਰਤੋਂ ਵਾਸਤੇ ਯੋਗ ਖਾਤਾ(ਤੇ) ਵਜੋਂ ਨਿਰਧਾਰਤ ਕੀਤਾ ਗਿਆ ਹੈ।

"ਖਾਤਾਧਾਰਕ(ਆਂ)/ਗ੍ਰਾਹਕ(ਕਾਂ)" ਤੋਂ ਭਾਵ ਉਹ ਵਿਅਕਤੀ ਹਨ ਜਿਨ੍ਹਾਂ ਦਾ ਬੈਂਕ ਵਿੱਚ ਵੈਧ ਸੇਵਿੰਗ ਜਾਂ ਕਰੰਟ ਖਾਤਾ ਹੈ।

"ਏਟੀਐਮ" ਤੋਂ ਭਾਵ ਭਾਰਤ ਜਾਂ ਵਿਦੇਸ਼ ਵਿੱਚ ਸਥਿਤ ਆਟੋਮੈਟਿਕ ਟੈਲਰ ਮਸ਼ੀਨ ਹੈ, ਚਾਹੇ ਉਹ ਬੈਂਕ ਦਾ ਹੋਵੇ ਜਾਂ ਕਿਸੇ ਹੋਰ ਬੈਂਕ ਦਾ ਸਾਂਝੇ ਨੈੱਟਵਰਕ ਉੱਤੇ ਹੋਵੇ, ਜਿੱਥੇ ਕਾਰਡਧਾਰਕ ਆਪਦੇ ਬੈਂਕ ਖਾਤੇ ਵਿੱਚ ਮੌਜੂਦ ਰਕਮ ਤੱਕ ਪਹੁੰਚ ਕਰਨ ਵਾਸਤੇ ਆਪਦੇ ਡੈਬਿਟ ਕਾਰਡ ਨੂੰ ਵਰਤ ਸਕਦਾ ਹੈ।

"ਪਿੰਨ" ਤੋਂ ਭਾਵ ਵਿਅਕੀਗਤ ਪਛਾਣ ਨੰਬਰ ਹੈ (ਏਟੀਐਮ 'ਤੇ ਨਗਦ ਨਿਕਾਸੀ ਅਤੇ ਬਕਾਇਆ ਰਕਮ ਦੀ ਜਾਣਕਾਰੀ ਵਾਸਤੇ ਅਤੇ ਇੰਟਰਨੈੱਟ ਬੈਂਕਿੰਗ ਅਤੇ ਮੋਬਾਈਲ ਬੈਂਕਿੰਗ 'ਤੇ ਮਨਜ਼ੂਰਸ਼ੁਦਾ ਲੈਣ-ਦੇਣ ਵਾਸਤੇ) ਜੋ ਬੈਂਕ ਵੱਲੋਂ ਕਾਰਡਧਾਰਕ ਨੂੰ ਦਿੱਤਾ ਜਾਂਦਾ ਹੈ ਅਤੇ ਜਿਸਨੂੰ ਉਹ ਸਮੇਂ-ਸਮੇਂ 'ਤੇ ਚੁਣ ਸਕਦਾ ਹੈ।

"ਮਰਚੈਂਟ" ਜਾਂ "ਮਰਚੈਂਟ ਸਥਾਪਨਾ" ਤੋਂ ਭਾਵ ਉਹ ਸਥਾਪਨਾਵਾਂ (ਭੌਤਿਕ/ਔਨਲਾਈਨ), ਜਿੱਥੇ ਵੀ ਸਥਿਤ ਹੋਣ, ਜੋ ਕਾਰਡ ਨੂੰ ਨਮਜ਼ੂਰ/ਮਾਨਤਾ ਦਿੰਦੀਆਂ ਹਨ ਅਤੇ ਇਨ੍ਹਾਂ ਵਿੱਚ ਦੁਕਾਨਾਂ, ਸਟੋਰਾਂ, ਰੈਸਟੋਰੈਂਟਾਂ, ਏਅਰਲਾਈਨ ਸੰਸਥਾਵਾਂ ਆਦਿ ਸ਼ਾਮਲ ਹਨ ਜਿਨ੍ਹਾਂ ਦੀ ਜਾਣਕਾਰੀ ਇੰਡਸਇੰਡ ਬੈਂਕ ਜਾਂ ਮਾਸਟਰ ਕਾਰਡ/ਵੀਜਾ/ਰੁਪੇ ਵੱਲੋਂ ਪ੍ਰਚਾਰਿਤ ਕੀਤੀ ਜਾਂਦੀ ਹੈ।

"ਪੋਇੰਟ ਆਫ ਸੇਲ (ਪੀਓਐਸ) ਟਰਮੀਨਲ" ਤੋਂ ਭਾਵ ਭਾਰਤ ਜਾਂ ਵਿਦੇਸ਼ ਵਿੱਚ ਮਰਚੈਂਟ ਸਥਾਪਨਾ 'ਤੇ ਲੱਗੇ ਇਲੈਕਟ੍ਰਾਨਿਕ ਟਰਮੀਨਲ ਹਨ ਜੋ ਕਾਰਡ ਲੈਣ-ਦੇਣ ਦੀ ਪ੍ਰਕਿਰਿਆ ਕਰ ਸਕਦੇ ਹਨ ਅਤੇ ਜਿੱਥੇ ਕਾਰਡਧਾਰਕ ਆਪਦੇ ਬੈਂਕ ਨਾਲ ਸਬੰਧਿਤ ਖਾਤੇ ਵਿੱਚੋਂ ਰਕਮ ਕਟਵਾ ਕੇ ਖਰੀਦਾਰੀ ਕਰ ਸਕਦਾ ਹੈ।

"ਲੈਣ-ਦੇਣ" ਤੋਂ ਭਾਵ ਏਟੀਐਮ ਅਤੇ/ਜਾਂ ਮਰਚੈਂਟ ਸਥਾਪਨਾਵਾਂ 'ਤੇ ਕਾਰਡ ਨੂੰ ਵਰਤਕੇ ਕੀਤੀ ਗਈ ਨਗਦ ਨਿਕਾਸੀ, ਖਰੀਦ ਭੁਗਤਾਨ, ਸੇਵਾਵਾਂ ਦੀ ਪ੍ਰਾਪਤੀ ਜਾਂ ਹੋਰ ਸੇਵਾਵਾਂ ਦਾ ਲਾਭ ਉਠਾਉਣਾ ਹੈ।

"ਅੰਤਰਰਾਸ਼ਟਰੀ ਲੈਣ-ਦੇਣ" ਤੋਂ ਭਾਵ ਕਾਰਡਧਾਰਕ ਵੱਲੋਂ ਆਪਦੇ ਅੰਤਰਰਾਸ਼ਟਰੀ ਤੌਰ 'ਤੇ ਵੈਧ ਡੈਬਿਟ ਕਾਰਡ ਜ਼ਰੀਏ ਭਾਰਤ ਤੋਂ ਬਾਹਰ ਜਾਂ ਅੰਤਰਰਾਸ਼ਟਰੀ ਵੈਬਸਾਈਟਾਂ/ਐਪਲੀਕੇਸ਼ਨਾਂ 'ਤੇ ਕੀਤਾ ਗਿਆ ਲੈਣ-ਦੇਣ ਹੈ।

"ਕਾਂਟੈਕਟਲੈੱਸ ਲੈਣ-ਦੇਣ" ਤੋਂ ਭਾਵ ਮਰਚੈਂਟ ਸਥਾਨ 'ਤੇ ਐਨਐਫਸੀ ਸਮਰਥਿਤ ਪੀਓਐਸ ਟਰਮੀਨਲ 'ਤੇ ਕਾਰਡ ਨੂੰ ਟੈਪ ਕਰਕੇ ਕੀਤਾ ਗਿਆ ਭੁਗਤਾਨ ਹੈ। ਇਹ ਲੈਣ-ਦੇਣ ਚਿਪ/ਪਿੰਨ ਆਧਾਰਿਤ ਲੈਣ-ਦੇਣ ਵਾਂਗ ਹੀ ਸੁਰੱਖਿਅਤ ਹੁੰਦੇ ਹਨ। ਡੈਬਿਟ ਕਾਰਡ ਦੀਆਂ ਹੋਰ ਸਾਰੀਆਂ ਸ਼ਰਤਾਂ ਕਾਂਟੈਕਟਲੈੱਸ ਲੈਣ-ਦੇਣ 'ਤੇ ਵੀ ਲਾਗੂ ਰਹਿਣਗੀਆਂ।

"ਅਸਫਲ ਲੈਣ-ਦੇਣ" ਤੋਂ ਭਾਵ ਉਹ ਲੈਣ-ਦੇਣ ਹੈ ਜੋ ਗ੍ਰਾਹਕ ਦੀ ਕਿਸੇ ਗਲਤੀ ਤੋਂ ਬਗੈਰ ਕਿਸੇ ਹੋਰ ਕਾਰਨ ਕਰਕੇ ਪੂਰਾ ਨਾ ਹੋ ਸਕਿਆ ਹੋਵੇ, ਜਿਵੇਂ ਸੰਚਾਰ ਸਬੰਧੀ ਤਕਨੀਕੀ ਖਾਮੀ, ਏਟੀਐਮ ਵਿੱਚ ਨਗਦ ਦੀ ਅਣਉਪਲਬਧਤਾ, ਸੈਸ਼ਨ ਦਾ ਸਮਾਂ ਸਮਾਪਤ ਹੋ ਜਾਣਾ ਆਦਿ।

"ਮਾਸਟਰ ਕਾਰਡ/ਵੀਜ਼ਾ/ਰੁਪੇ" ਤੋਂ ਭਾਵ ਉਹ ਨਿਸ਼ਾਨ ਹੈ ਜੋ ਵੀਜਾ/ਮਾਸਟਰ ਕਾਰਡ ਅੰਤਰਰਾਸ਼ਟਰੀ/ਐਨਪੀਸੀਆਈ ਦੀ ਮਲਕੀਅਤ ਹੈ।

"ਵੀਜਾ/ਮਾਸਟਰ ਕਾਰਡ/ਰੁਪੇ ਏਟੀਐਮ ਨੈੱਟਵਰਕ" ਤੋਂ ਭਾਵ ਉਹ ਏਟੀਐਮ ਹਨ, ਜਿੱਥੇ ਵੀ ਸਥਿਤ ਹੋਣ, ਜੋ ਵੀਜਾ/ਮਾਸਟਰ ਕਾਰਡ/ਰੁਪੇ ਨੂੰ ਮਾਨਤਾ ਦਿੰਦੇ ਹਨ ਅਤੇ ਜਿਨ੍ਹਾਂ 'ਤੇ ਵੀਜਾ/ਮਾਸਟਰ ਕਾਰਡ/ਰੁਪੇ ਦੇ ਨਿਸ਼ਾਨ ਦਰਸਾਏ ਗਏ ਹਨ।

"ਵੇਅਰੇਬਲ" ਤੋਂ ਭਾਵ ਕਾਂਟੈਕਟਲੈੱਸ ਵੇਅਰੇਬਲ ਉਪਕਰਣ ਜਿਵੇਂ ਸਮਾਰਟ ਵਾਚ, ਵਾਚ ਕਲਾਸਪ, ਕਲਾਈ ਬੈਂਡ, ਸਟਿਕਰ, ਕੀ-ਚੇਨ ਅਤੇ ਹੋਰ ਰੂਪ ਜੋ ਬੈਂਕ ਵੱਲੋਂ ਜਾਰੀ ਕੀਤੇ ਜਾਂਦੇ ਹਨ, ਜਿਨ੍ਹਾਂ ਦੀ ਮਦਦ ਨਾਲ ਗ੍ਰਾਹਕ ਨਿਯੰਤਰਕ ਅਧਿਕਾਰੀਆਂ/ਗ੍ਰਾਹਕਾਂ ਵੱਲੋਂ ਨਿਰਧਾਰਤ ਸੀਮਾਵਾਂ ਤੱਕ ਕਾਂਟੈਕਟਲੈੱਸ ਲੈਣ-ਦੇਣ ਕਰ ਸਕਦੇ ਹਨ। ਇਹ ਉਪਕਰਣ (ਗ੍ਰਾਹਕ ਦੀ ਸਪਸ਼ਟ ਸਹਿਮਤੀ ਦੇ ਆਧਾਰ 'ਤੇ) ਡੈਬਿਟ ਕਾਰਡ ਦੀ ਥਾਂ 'ਤੇ ਅਤੇ/ਜਾਂ ਉਸ ਦੇ ਇਲਾਵਾ ਭੁਗਤਾਨ/ਬੈਂਕਿੰਗ ਲੈਣ-ਦੇਣ ਵਾਸਤੇ ਜਾਰੀ ਕੀਤੇ ਜਾ ਸਕਦੇ ਹਨ।

"ਇੰਡਸ ਰਿਵਾਰਡਜ਼ ਅਤੇ/ਜਾਂ ਇੰਡੀ ਲਾਇਲਟੀ ਪ੍ਰੋਗਰਾਮ" ਤੋਂ ਭਾਵ ਕਾਰਡਧਾਰਕਾਂ ਵਾਸਤੇ ਬਣਾਇਆ ਗਿਆ ਵਫ਼ਾਦਾਰੀ ਪ੍ਰੋਗਰਾਮ ਹੈ, ਜਿਸ ਤਹਿਤ ਡੈਬਿਟ ਕਾਰਡ ਦੀ ਵਰਤੋਂ ਕਰਕੇ ਕੀਤੇ ਗਏ ਵੱਖ-ਵੱਖ ਕਿਸਮ ਦੇ ਖਰਚਾਂ 'ਤੇ ਇਨਾਮ ਪ੍ਰਦਾਨ ਕੀਤੇ ਜਾਂਦੇ ਹਨ।

1. **ਡੈਬਿਟ ਕਾਰਡ ਵਾਸਤੇ ਯੋਗਤਾ ਅਤੇ ਕਾਰਡਧਾਰਕ ਨਾਲ ਸੰਬੰਧ**

   ਕਾਰਡ ਦਾ ਜਾਰੀ ਹੋਣਾ ਅਤੇ ਇਸ ਦੀ ਵਰਤੋਂ ਭਾਰਤੀ ਰਿਜ਼ਰਵ ਬੈਂਕ (ਆਰਬੀਆਈ), ਵਿਦੇਸ਼ੀ ਮੁਦਰਾ ਪ੍ਰਬੰਧਨ ਕਾਨੂੰਨ (FEMA) ਅਤੇ ਬੈਂਕ ਵੱਲੋਂ ਸਮੇਂ-ਸਮੇਂ 'ਤੇ ਲਾਗੂ ਕੀਤੇ ਗਏ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਹੋਵੇਗੀ। ਬੈਂਕ ਆਪਦੇ ਬਚਤ ਅਤੇ ਚਾਲੂ ਖਾਤਾਧਾਰਕਾਂ ਨੂੰ (ਲਾਗੂ ਓਪਰੇਸ਼ਨ ਮੋਡ ਦੇ ਤਹਿਤ) ਅੰਤਰਰਾਸ਼ਟਰੀ ਡੈਬਿਟ ਕਾਰਡ ਦੀ ਸਹੂਲਤ ਪ੍ਰਦਾਨ ਕਰਦਾ ਹੈ। ਬੈਂਕ ਵੱਲੋਂ ਜਾਰੀ ਕੀਤਾ ਗਿਆ ਡੈਬਿਟ ਕਾਰਡ ਮਰਚੈਂਟ ਦੁਕਾਨਾਂ 'ਤੇ ਖਰੀਦਦਾਰੀ, ਔਲਾਈਨ ਖਰੀਦ ਅਤੇ ਭੁਗਤਾਨ, ਯੂਟਿਲਿਟੀ ਬਿਲਾਂ ਦੀ ਅਦਾਇਗੀ, ਪ੍ਰਣਾਲੀਬੱਧ ਨਿਵੇਸ਼ ਯੋਜਨਾ (ਐਸਆਈਪੀ) ਜ਼ਰੀਏ ਨਿਵੇਸ਼ ਜਾਂ ਨਗਦ ਨਿਕਾਸੀ ਵਾਸਤੇ ਵਰਤਿਆ ਜਾ ਸਕਦਾ ਹੈ।

   ਕਾਰਡ ਕੇਵਲ ਗ੍ਰਾਹਕ ਦੀ ਬੇਨਤੀ 'ਤੇ ਹੀ ਜਾਰੀ ਕੀਤੇ ਜਾਂਦੇ ਹਨ, ਜੋ ਕਿ ਵੱਖ-ਵੱਖ ਔਲਾਈਨ ਅਤੇ ਆਫਲਾਈਨ/ਭੌਤਿਕ ਮਾਧਿਅਮਾਂ ਜ਼ਰੀਏ, ਖੁਦ-ਸੇਵਾ ਜਾਂ ਸਹਾਇਕ ਮਾਡਲ, ਸਾਹਮਣੇ-ਸਾਹਮਣੇ ਜਾਂ ਫੋਨ ਆਧਾਰਿਤ ਮਾਡਲ ਜ਼ਰੀਏ ਹੋ ਸਕਦੇ ਹਨ।

   ਬੈਂਕ ਅਤੇ ਕਾਰਡਧਾਰਕ ਵਿਚਕਾਰ ਸੰਬੰਧ ਠੇਕਾ-ਆਧਾਰਿਤ ਹੈ ਅਤੇ ਇਸ ਤਰ੍ਹਾਂ ਦੇ ਡੈਬਿਟ ਕਾਰਡ ਦੀ ਸਵੀਕ੍ਰਿਤੀ ਜਾਂ ਵਰਤੋਂ ਨੂੰ ਡੈਬਿਟ ਕਾਰਡ ਦੀ ਵਰਤੋਂ ਨਾਲ ਸਬੰਧਿਤ ਨਿਯਮਾਂ ਅਤੇ ਸ਼ਰਤਾਂ ਦੀ ਸਵੀਕ੍ਰਿਤੀ ਮੰਨਿਆ ਜਾਵੇਗਾ।

   ਗ੍ਰਾਹਕ ਨੂੰ ਜਾਰੀ ਕੀਤਾ ਗਿਆ ਡੈਬਿਟ ਕਾਰਡ ਬੈਂਕ ਦੀ ਮਲਕੀਅਤ ਹੈ ਅਤੇ ਬੈਂਕ ਹੇਠ ਲਿਖੇ ਅਧਿਕਾਰ ਆਪਦੇ ਕੋਲ ਰੱਖਦਾ ਹੈ:

   - ਕਿਸੇ ਵੀ ਸਮੇਂ ਕਾਰਡ ਵਿੱਚ ਨਵੇਂ ਲਾਭ ਸ਼ਾਮਲ ਕਰਨਾ ਜਾਂ ਮੌਜੂਦਾ ਲਾਭਾਂ ਵਿੱਚੋਂ ਕੁਝ ਹਟਾਉਣਾ। ਬੈਂਕ ਆਪਦੇ ਰਿਕਾਰਡ ਮੁਤਾਬਿਕ ਗ੍ਰਾਹਕ ਦੇ ਖਾਤੇ ਨਾਲ ਦਰਜ ਪਤੇ/ਨੰਬਰ/ਈਮੇਲ ਆਈਡੀ 'ਤੇ ਉਪਲਬਧ ਕਿਸੇ ਵੀ ਮਾਧਿਅਮ ਜ਼ਰੀਏ ਗ੍ਰਾਹਕ ਨੂੰ ਸੂਚਿਤ ਕਰਨ ਦਾ ਯਤਨ ਕਰੇਗਾ;
   - ਭਾਰਤੀ ਰਿਜ਼ਰਵ ਬੈਂਕ ਦੇ ਦਿਸ਼ਾ-ਨਿਰਦੇਸ਼ਾਂ (Reserve Bank of India Guidelines, ਆਰਬੀਆਈ Guidelines) ਨੂੰ ਧਿਆਨ ਵਿੱਚ ਰੱਖਦੇ ਹੋਏ, ਗ੍ਰਾਹਕ ਨੂੰ ਪਹਿਲਾਂ ਸੂਚਨਾ ਦੇ ਕੇ ਉਸਨੂੰ ਜਾਰੀ ਕੀਤਾ ਕਾਰਡ ਰੱਦ ਜਾਂ ਬੰਦ ਕਰਨਾ; ਅਤੇ
   - ਗ੍ਰਾਹਕ ਦੀ ਸਹਿਮਤੀ ਦੇ ਆਧਾਰ 'ਤੇ, ਚੋਰੀ ਹੋਏ ਜਾਂ ਗੁੰਮ ਹੋਏ ਕਾਰਡ ਦੀ ਸੂਚਨਾ ਮਿਲਣ 'ਤੇ ਗ੍ਰਾਹਕ ਨੂੰ ਬਦਲਵਾਂ ਕਾਰਡ ਜਾਰੀ ਕਰਨਾ। ਇਸ ਤਰ੍ਹਾਂ ਦੇ ਬਦਲਵਾਂ ਕਾਰਡ ਵਾਸਤੇ ਸ਼ੁਲਕ "ਸ਼ੁਲਕ ਸੂਚੀ" (Schedule of Charges) ਮੁਤਾਬਿਕ ਲਾਗੂ ਹੋਵੇਗਾ।

   ਡੈਬਿਟ ਕਾਰਡ ਦੀ ਸ਼੍ਰੇਣੀ ਅਤੇ ਫੀਸ ਉਸ ਖਾਤੇ ਦੀ ਕਿਸਮ ਮੁਤਾਬਿਕ ਨਿਰਧਾਰਤ ਹੋਵੇਗੀ ਜਿਸ ਨਾਲ ਕਾਰਡ ਜੋੜਿਆ ਗਿਆ ਹੈ ਅਤੇ ਇਹ ਬੈਂਕ ਦੇ ਪੂਰੇ ਵਿਵੇਕ ਅਧਿਕਾਰ ਮੁਤਾਬਿਕ ਕਿਸੇ ਵੀ ਸਮੇਂ ਬਦਲੀ ਜਾ ਸਕਦੀ ਹੈ। ਸੁਵਿਧਾਵਾਂ ਅਤੇ ਲਾਭ ਕਾਰਡ ਦੀ ਕਿਸਮ ਅਤੇ ਖਾਤੇ ਦੇ ਚਲਣ ਦੇ ਢੰਗ ਮੁਤਾਬਿਕ ਨਿਰਧਾਰਤ ਹੋਣਗੇ। ਗ੍ਰਾਹਕ(ਕਾਂ) ਦੀ ਬੇਨਤੀ ਮੁਤਾਬਿਕ ਕਾਰਡ ਦੇ ਨਾਲ ਬੈਂਕ ਵੱਲੋਂ ਭੇਜੇ ਜਾਣ ਵਾਲੇ ਕੂਰਿਅਰ ਵਿੱਚ ਇੱਕ ਪੱਤਰ ਸ਼ਾਮਲ ਹੋਵੇਗਾ, ਜਿਸ ਵਿੱਚ ਉਸ ਕਾਰਡ ਨਾਲ ਸਬੰਧਿਤ ਲਾਗੂ ਸੁਵਿਧਾਵਾਂ ਦਾ ਵੇਰਵਾ ਦਰਜ ਹੋਵੇਗਾ। ਗ੍ਰਾਹਕ ਨੂੰ ਹਰ ਡੈਬਿਟ ਕਾਰਡ ਕਿਸਮ ਬਾਰੇ, ਉਸ ਦੀਆਂ ਤਾਜ਼ਾ ਲਾਗੂ ਵਿਸ਼ੇਸ਼ਤਾਵਾਂ, ਲਾਭ ਅਤੇ ਯੋਗਤਾ ਮਾਪਦੰਡਾਂ ਦੀ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਵਾਸਤੇ ਬੈਂਕ ਦੀ ਵੈੱਬਸਾਈਟ ਵੇਖਣੀ ਹੋਵੇਗੀ ਜਾਂ ਬੈਂਕ ਨਾਲ ਹੋਰ ਵੈਧ ਸੰਚਾਰ ਮਾਧਿਅਮਾਂ ਜ਼ਰੀਏ ਸੰਪਰਕ ਕਰਨਾ ਹੋਵੇਗਾ, ਜਿਸ ਵਿੱਚ ਬ੍ਰਾਂਚ ਅਤੇ ਸੰਪਰਕ ਕੇਂਦਰ ਸ਼ਾਮਲ ਹਨ ਪਰ ਇਨ੍ਹਾਂ ਤੱਕ ਸੀਮਿਤ ਨਹੀਂ। ਡੈਬਿਟ ਕਾਰਡ ਕਿਸੇ ਵੀ ਹਾਲਤ ਵਿੱਚ ਕਾਰਡਧਾਰਕ ਵੱਲੋਂ ਹਵਾਲੇ ਜਾਂ ਤਬਦੀਲ ਨਹੀਂ ਕੀਤਾ ਜਾ ਸਕਦਾ।

2. **ਵਰਤੋਂ ਦੀਆਂ ਸ਼ਰਤਾਂ**

a) **ਲੈਣ-ਦੇਣ ਦੀ ਯੋਗਤਾ ਅਤੇ ਸੀਮਾਵਾਂ**

ਕਾਰਡ ਭਾਰਤ ਵਿੱਚ (ਘਰੇਲੂ ਅਤੇ ਅੰਤਰਰਾਸ਼ਟਰੀ ਕਾਰਡਾਂ ਵਾਸਤੇ) ਅਤੇ ਵਿਦੇਸ਼ ਵਿੱਚ (ਕੇਵਲ ਅੰਤਰਰਾਸ਼ਟਰੀ ਕਾਰਡਾਂ ਵਾਸਤੇ) ਵਰਤੋਂ ਵਾਸਤੇ ਵੈਧ ਹੈ। ਇਹ ਕਾਰਡ ਨੇਪਾਲ ਅਤੇ ਭੂਟਾਨ ਵਿੱਚ ਵਿਦੇਸ਼ੀ ਮੁਦਰਾ ਲੈਣ-ਦੇਣ ਵਾਸਤੇ ਵੈਧ ਨਹੀਂ ਹੈ। ਕਾਰਡ ਕੇਵਲ ਉਹਨਾਂ ਲੈਣ-ਦੇਣ ਵਿਕਲਪਾਂ ਵਾਸਤੇ ਵੈਧ ਹੋਵੇਗਾ ਜੋ ਬੈਂਕ ਵੱਲੋਂ ਸਮੇਂ-ਸਮੇਂ 'ਤੇ ਭਾਰਤ ਅਤੇ ਵਿਦੇਸ਼ ਵਿੱਚ ਮਨਜ਼ੂਰ ਕੀਤੇ ਜਾਂਦੇ ਹਨ, ਇੰਡਸਇੰਡ ਬੈਂਕ ਦੇ ਏਟੀਐਮ, ਹੋਰ ਬੈਂਕਾਂ ਦੇ ਏਟੀਐਮ ਜੋ ਮਾਸਟਰ ਕਾਰਡ/ਵੀਜ਼ਾ/ਰੁਪੇ ਏਟੀਐਮ ਨੈੱਟਵਰਕ ਦੇ ਮੈਂਬਰ ਹਨ, ਅਤੇ ਮਾਸਟਰ ਕਾਰਡ/ਵੀਜ਼ਾ/ਰੁਪੇ ਵਿਕਰੀ ਪੁਆਇੰਟ ਟਰਮੀਨਲ ਵਾਲੀਆਂ ਮਰਚੈਂਟ ਸਥਾਪਨਾਵਾਂ 'ਤੇ। ਮਰਚੈਂਟ ਦੇ ਵਿਕਰੀ ਪੁਆਇੰਟ ਟਰਮੀਨਲ 'ਤੇ ਕੀਤਾ ਗਿਆ ਹਰ ਲੈਣ-ਦੇਣ ਕਾਰਡ ਪਿੰਨ ਦੀ ਵਰਤੋਂ ਕਰਕੇ ਪ੍ਰਮਾਣਿਤ ਕੀਤਾ ਜਾਣਾ ਲਾਜ਼ਮੀ ਹੈ ਅਤੇ ਵਿਕਰੀ ਪੁਆਇੰਟ ਟਰਮੀਨਲ ਦੁਆਰਾ ਸਲਿੱਪ ਤਿਆਰ ਹੋਣ 'ਤੇ ਪੂਰਾ ਮੰਨਿਆ ਜਾਵੇਗਾ। ਕਾਰਡ ਜਾਂ ਕਾਰਡ ਦੇ ਰੂਪ-ਰੂਪਾਂ ਜਿਵੇਂ ਵੇਅਰੇਬਲ ਉਪਕਰਣ ਜਾਂ ਮੋਬਾਈਲ ਡਿਵਾਈਸ ਆਧਾਰਿਤ ਐਪਲੀਕੇਸ਼ਨਾਂ ਜ਼ਰੀਆ ਕਾਂਟੈਕਟਲੈੱਸ ਲੈਣ-ਦੇਣ ਬੈਂਕ ਵੱਲੋਂ ਨਿਰਧਾਰਤ ਸੀਮਾਵਾਂ ਤੱਕ, ਰਿਜ਼ਰਵ ਬੈਂਕ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਿਕ, ਕਾਰਡ ਪਿੰਨ ਦੀ ਵਰਤੋਂ ਬਿਨਾਂ ਕੀਤੇ ਜਾ ਸਕਦੇ ਹਨ। ਮਰਚੈਂਟ ਸਥਾਪਨਾ ਦੀ ਮੰਗ 'ਤੇ ਗ੍ਰਾਹਕ ਨੂੰ ਵਿਕਰੀ ਪੁਆਇੰਟ ਟਰਮੀਨਲ ਦੁਆਰਾ ਤਿਆਰ ਕੀਤੀ ਵਿਕਰੀ ਸਲਿੱਪ 'ਤੇ ਦਸਤਖਤ ਕਰਨੇ ਲਾਜ਼ਮੀ ਹਨ। ਮਰਚੈਂਟ ਆਉਟਲੈੱਟ ਦੁਆਰਾ ਪ੍ਰਦਾਨ ਕੀਤੀਆਂ ਵਸਤੂਆਂ ਜਾਂ ਸੇਵਾਵਾਂ ਨਾਲ ਸੰਬੰਧਿਤ ਕਿਸੇ ਵੀ ਸਮੱਸਿਆ (ਜਿਵੇਂ ਖਾਮੀਆਂ, ਡਿਲਿਵਰੀ ਵਿੱਚ ਦੇਰੀ, ਘਟੀਆ ਗੁਣਵੱਤਾ ਆਦਿ) ਵਾਸਤੇ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ ਅਤੇ ਅਜਿਹਾ ਕੋਈ ਵੀ ਵਿਵਾਦ ਮਰਚੈਂਟ ਅਤੇ ਗ੍ਰਾਹਕ ਵਿਚਕਾਰ ਹੀ ਨਿਪਟਾਇਆ ਜਾਵੇਗਾ।

ਬੈਂਕ ਕਾਰਡ ਦੀ ਵਰਤੋਂ ਜ਼ਰੀਏ ਪ੍ਰਤੀ ਦਿਨ ਕੀਤੀ ਜਾ ਸਕਣ ਵਾਲੀ ਘੱਟੋ-ਘੱਟ ਜਾਂ ਵੱਧ ਤੋਂ ਵੱਧ ਰਕਮ 'ਤੇ ਸੀਮਾ ਨਿਰਧਾਰਤ ਕਰਨ ਦਾ ਅਧਿਕਾਰ ਰੱਖਦਾ ਹੈ ਅਤੇ ਅਜਿਹੀ ਸੀਮਾ ਕਾਰਡਧਾਰਕ ਦੇ ਖਾਤੇ ਵਿੱਚ ਉਪਲਬਧ ਬਕਾਇਆ ਰਕਮ ਦੇ ਤਹਿਤ ਹੋਵੇਗੀ। ਇਹ ਲੈਣ-ਦੇਣ ਸੀਮਾਵਾਂ ਸਾਰੇ ਏਟੀਐਮ 'ਤੇ ਲਾਗੂ ਹੋਣਗੀਆਂ ਅਤੇ ਵੱਖ-ਵੱਖ ਬੈਂਕਾਂ ਦੇ ਨੈੱਟਵਰਕਾਂ ਮੁਤਾਬਿਕ ਅਤੇ ਦੇਸ਼ ਤੋਂ ਦੇਸ ਵੱਖ ਹੋ ਸਕਦੀਆਂ ਹਨ ਅਤੇ ਸਮੇਂ-ਸਮੇਂ 'ਤੇ ਸੋਧੀਆਂ ਜਾ ਸਕਦੀਆਂ ਹਨ। ਵੱਖ-ਵੱਖ ਏਟੀਐਮ ਜਾਂ ਨੈੱਟਵਰਕਾਂ ਜ਼ਰੀਏ ਲੈਣ-ਦੇਣ ਦੀਆਂ ਸੀਮਾਵਾਂ ਵਿੱਚ ਅਸਮਾਨਤਾ ਕਾਰਨ ਕਾਰਡਧਾਰਕ ਨੂੰ ਹੋ ਸਕਦੇ ਕਿਸੇ ਵੀ ਨੁਕਸਾਨ ਜਾਂ ਅਸੁਵਿਧਾ ਵਾਸਤੇ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ। ਨਾਬਾਲਗਾਂ (10 ਸਾਲ ਤੋਂ ਉੱਪਰ ਉਮਰ ਵਾਲੇ) ਵਾਸਤੇ ਡੈਬਿਟ ਕਾਰਡ ਸਹੂਲਤ ਨਿਯੰਤਰਿਤ ਅਤੇ ਨਿਰਧਾਰਤ ਨਿਕਾਸੀ ਸੀਮਾਵਾਂ ਨਾਲ ਪ੍ਰਦਾਨ ਕੀਤੀ ਜਾਵੇਗੀ।

ਬੈਂਕ ਉਸ ਕਿਸੇ ਵੀ ਲੈਣ-ਦੇਣ ਨੂੰ ਅਨਮਜ਼ੂਰ ਕਰਨ ਦਾ ਅਧਿਕਾਰ ਰੱਖਦਾ ਹੈ ਜੋ ਖਾਤੇ ਦੀ ਕਿਸਮ ਅਤੇ ਗ੍ਰਾਹਕ ਨੂੰ ਪ੍ਰਦਾਨ ਕੀਤੇ ਡੈਬਿਟ ਕਾਰਡ ਵਾਸਤੇ ਮਨਜ਼ੂਰਸ਼ੁਦਾ ਲੈਣ-ਦੇਣ ਦੀ ਸੂਚੀ ਵਿੱਚ ਸ਼ਾਮਲ ਨਾ ਹੋਵੇ ਜਾਂ ਜਿੱਥੇ ਕਾਰਡ 'ਤੇ ਲਾਗੂ ਸੀਮਾਵਾਂ ਦੀ ਉਲੰਘਣਾ ਹੋ ਚੁੱਕੀ ਹੋਵੇ। ਅੰਤਰਰਾਸ਼ਟਰੀ ਡੈਬਿਟ ਕਾਰਡ ਕੇਵਲ ਵਿਦੇਸ਼ੀ ਮੁਦਰਾ ਪ੍ਰਬੰਧਨ ਕਾਨੂੰਨ (FEMA), 1999 ਦੇ ਨਿਯਮਾਂ ਤਹਿਤ ਮਨਜ਼ੂਰਸ਼ੁਦਾ ਕਰੰਟ ਖਾਤਾ ਲੈਣ-ਦੇਣ ਵਾਸਤੇ ਹੀ ਵਰਤਿਆ ਜਾ ਸਕਦਾ ਹੈ ਅਤੇ ਅਜਿਹਾ ਹਰ ਲੈਣ-ਦੇਣ ਆਰਬੀਆਈ ਜਾਂ ਭਾਰਤ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਨਿਰਧਾਰਤ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਦੇ ਅਨੁਕੂਲ ਹੋਣਾ ਲਾਜ਼ਮੀ ਹੈ। ਉਪਰੋਕਤ ਨਿਯਮਾਂ ਜਾਂ ਦਿਸ਼ਾ-ਨਿਰਦੇਸ਼ਾਂ ਦੀ ਅਣਪਾਲਣਾ ਤੋਂ ਉਤਪੰਨ ਹੋ ਸਕਣ ਵਾਲੀ ਕਿਸੇ ਵੀ ਜੁਰਮਾਨੇ ਜਾਂ ਕਾਰਵਾਈ ਵਾਸਤੇ ਗ੍ਰਾਹਕ ਖੁਦ ਜ਼ਿੰਮੇਵਾਰ ਹੋਵੇਗਾ।

ਲਿਬਰਸਾਇਜ਼ਡ ਰੈਮੀਟੈਂਸ ਸਕੀਮ (ਐਲਆਰਐਸ) ਤਹਿਤ, ਭਾਰਤ ਵਿੱਚ ਰਹਿੰਦੇ ਵਿਅਕਤੀਆਂ ਵਾਸਤੇ ਹਰ ਰਕਮ ਭੇਜਣ ਵਾਲੇ ਲੈਣ-ਦੇਣ ਵਾਸਤੇ ਸਥਾਈ ਖਾਤਾ ਨੰਬਰ (ਪੈਨ) ਪ੍ਰਦਾਨ ਕਰਨਾ ਲਾਜ਼ਮੀ ਹੈ। ਜੇ ਇਹ ਪ੍ਰਦਾਨ ਨਾ ਕੀਤਾ ਜਾਵੇ, ਤਾਂ ਬੈਂਕ ਵੱਲੋਂ ਡੈਬਿਟ ਕਾਰਡ 'ਤੇ ਅੰਤਰਰਾਸ਼ਟਰੀ ਲੈਣ-ਦੇਣ ਦੀ ਸਹੂਲਤ ਬੰਦ ਕਰ ਦਿੱਤੀ ਜਾਵੇਗੀ।

ਆਟੋਮੈਟਿਕ ਟੈਲਰ ਮਸ਼ੀਨ ਏਟੀਐਮ ਜਾਂ ਪੀਓਐਸ ਸਹੂਲਤ ਦੀ ਵਰਤੋਂ ਮਨਜ਼ੂਰਸ਼ੁਦਾ ਸੀਮਾਵਾਂ ਤੋਂ ਪਰੇ ਅਤੇ/ਜਾਂ ਭਾਰਤ ਵਿੱਚ ਲਾਗੂ ਨਿਯਮਾਂ ਜਾਂ ਜਿਸ ਦੇਸ ਵਿੱਚ ਕਾਰਡ ਵਰਤਿਆ ਜਾ ਰਿਹਾ ਹੈ ਉੱਥੇ ਦੇ ਲਾਗੂ ਨਿਯਮਾਂ ਦੀ ਉਲੰਘਣਾ ਕਰਕੇ ਕੀਤੀ ਜਾਣ ਦੀ ਹਾਲਤ ਵਿੱਚ, ਉਸ ਨਾਲ ਸਬੰਧਿਤ ਸਾਰਾ ਜੋਖਿਮ, ਦਾਇਤਵ ਅਤੇ ਜ਼ਿੰਮੇਵਾਰੀ ਕੇਵਲ ਗ੍ਰਾਹਕ ਦੀ ਹੋਵੇਗੀ। ਅਜਿਹੇ ਕਿਸੇ ਕੰਮ ਜਾਂ ਚੂਕ ਵਾਸਤੇ, ਚਾਹੇ ਜਾਣਬੁੱਝ ਕੇ ਕੀਤੀ ਗਈ ਹੋਵੇ ਜਾਂ ਅਣਜਾਣੇ ਵਿੱਚ, ਬੈਂਕ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਜਾਂ ਦਾਇਤਵਬੱਧ ਨਹੀਂ ਹੋਵੇਗਾ।

ਗ੍ਰਾਹਕ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਦੇ ਬੈਂਕ ਖਾਤੇ ਵਿੱਚ ਹਰ ਸਮੇਂ ਪ੍ਰਚੂਰ ਬਕਾਇਆ ਰਕਮ ਉਪਲਬਧ ਰੱਖੇ, ਖ਼ਾਸ ਕਰਕੇ ਏਟੀਐਮ ਤੋਂ ਨਗਦ ਨਿਕਾਸੀ ਕਰਨ ਤੋਂ ਪਹਿਲਾਂ, ਪੀਓਐਸ 'ਤੇ ਜਾਂ ਔਲਾਈਨ ਜਾਂ ਕਿਸੇ ਹੋਰ ਉਪਲਬਧ ਲੈਣ-ਦੇਣ ਮਾਧਿਅਮ ਜ਼ਰੀਏ ਡੈਬਿਟ ਕਾਰਡ ਨੂੰ ਵਰਤਣ ਤੋਂ ਪਹਿਲਾਂ। ਯਦੀ ਗ੍ਰਾਹਕ ਦੁਆਰਾ ਸ਼ੁਰੂ ਕੀਤਾ ਗਿਆ ਕੋਈ ਲੈਣ-ਦੇਣ ਅਪਰਿਆਪਤ ਬਕਾਇਆ ਰਕਮ ਕਾਰਨ ਬੈਂਕ ਵੱਲੋਂ ਮਨਜ਼ੂਰ ਨਾ ਕੀਤਾ ਜਾਵੇ, ਤਾਂ ਇਸ ਵਾਸਤੇ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।

ਡੈਬਿਟ ਕਾਰਡਾਂ ਦੀ ਵਰਤੋਂ ਵੱਖ-ਵੱਖ ਗੈਰ-ਵਿਅਕਤੀਗਤ ਮਾਧਿਅਮਾਂ ਜਿਵੇਂ ਏਟੀਐਮ, ਨੈੱਟ ਬੈਂਕਿੰਗ, ਮੋਬਾਈਲ ਬੈਂਕਿੰਗ, ਚੈਟਬੋਟ, ਆਵਾਜ਼ ਆਧਾਰਿਤ ਮਾਧਿਅਮ, ਇੰਟਰੈਕਟਿਵ ਵੋਇਸ ਰਿਸਪਾਂਸ ਪ੍ਰਣਾਲੀ (ਆਈਵੀਆਰ) ਅਤੇ ਹੋਰ ਗੈਰ-ਬ੍ਰਾਂਚ ਡਿਜ਼ਿਟਲ ਮਾਧਿਅਮ (ਐਨਬੀਡੀ) 'ਤੇ ਗ੍ਰਾਹਕ ਦੀ ਪਛਾਣ ਅਤੇ ਪ੍ਰਮਾਣਿਕਤਾ ਵਾਸਤੇ ਵੀ ਕੀਤੀ ਜਾ ਸਕਦੀ ਹੈ। ਓਟੀਪੀ ਇਕ-ਵਾਰੀ ਦਾ ਪਾਸਵਰਡ) ਵਾਸਤੇ ਰਜਿਸਟ੍ਰੇਸ਼ਨ ਅਤੇ ਨੈੱਟ ਬੈਂਕਿੰਗ ਵਾਸਤੇ ਰਜਿਸਟ੍ਰੇਸ਼ਨ ਇਸ ਤਰ੍ਹਾਂ ਦੀਆਂ ਕੁਝ ਉਪਲਬਧ ਸਹੂਲਤਾਂ ਹਨ।

b) **ਡਿਲੀਵਰੇਬਲਜ਼**

ਡਿਲੀਵਰੇਬਲ ਗ੍ਰਾਹਕ(ਕਾਂ) ਨੂੰ ਜਾਂ ਤਾਂ ਵੈਲਕਮ ਕਿਟ ਦੇ ਨਾਲ ਭੇਜੇ ਜਾਂਦੇ ਹਨ ਜਾਂ ਵੈਲਕਮ ਕਿਟ ਭੇਜੇ ਜਾਣ ਤੋਂ ਬਾਅਦ ਵੱਖਰੇ ਡਾਕ ਪੈਕੇਟਾਂ ਜ਼ਰੀਏ ਭੇਜੇ ਜਾਂਦੇ ਹਨ। ਬੈਂਕ ਡੈਬਿਟ ਕਾਰਡ ਕੂਰਿਅਰ (ਜਾਂ ਕਿਸੇ ਹੋਰ ਡਿਲੀਵਰੀ ਮਾਧਿਅਮ) ਜ਼ਰੀਏ ਭੇਜੇਗਾ। ਗ੍ਰਾਹਕ ਨੂੰ ਇਹ ਜਾਂਚ ਕਰਨੀ ਚਾਹੀਦੀ ਹੈ ਕਿ ਪ੍ਰਾਪਤ ਕੀਤਾ ਕੂਰਿਅਰ ਫਾਟਿਆ ਹੋਇਆ/ਖੁੱਲ੍ਹਾ/ਨੁਕਸਾਨਗ੍ਰਸਤ ਨਾ ਹੋਵੇ। ਜੇ ਕੂਰਿਅਰ ਪੈਕੇਟ ਫਾਟੇ ਹੋਏ/ਨੁਕਸਾਨਗ੍ਰਸਤ/ਖੁੱਲ੍ਹੀ ਹਾਲਤ ਵਿੱਚ ਮਿਲੇ, ਤਾਂ ਗ੍ਰਾਹਕ ਤੁਰੰਤ ਨਜ਼ਦੀਕੀ ਬ੍ਰਾਂਚ ਵਿੱਚ ਜਾ ਕੇ ਜਾਂ ਮੋਬਾਈਲ ਬੈਂਕਿੰਗ ਜ਼ਰੀਏ ਬੈਂਕ ਨੂੰ ਸੂਚਿਤ ਕਰੇ।

ਗ੍ਰਾਹਕ ਇਹ ਧਿਆਨ ਰੱਖਣ ਕਿ ਕਾਰਡ ਵਾਸਤੇ ਪਾਸਵਰਡ ਵੈਲਕਮ ਕਿਟ ਦੇ ਨਾਲ ਨਹੀਂ ਭੇਜਿਆ ਜਾਂਦਾ। ਡੈਬਿਟ ਕਾਰਡ ਪ੍ਰਾਪਤ ਹੋਣ ਉਪਰੰਤ ਗ੍ਰਾਹਕ ਨੂੰ ਆਸਾਨ ਪਛਾਣ ਵਾਲੀਆਂ ਪੀਓਐਸ ਆਉਟਲੈੱਟਾਂ 'ਤੇ ਆਪਦੇ ਕਾਰਡ 'ਤੇ ਦਸਤਖਤ ਕਰਨੇ ਚਾਹੀਦੇ ਹਨ। ਗ੍ਰਾਹਕ ਮੰਨਦਾ ਹੈ ਕਿ ਕਾਰਡ ਦੀ ਵਰਤੋਂ ਜਾਂ ਕਬਜ਼ੇ ਨਾਲ ਸਬੰਧਿਤ ਕਿਸੇ ਵੀ ਵਿੱਤੀ ਜਾਂ ਹੋਰ ਕਿਸਮ ਦੇ ਨੁਕਸਾਨ ਵਾਸਤੇ ਉਹ ਖੁਦ ਜ਼ਿੰਮੇਵਾਰ ਹੈ ਅਤੇ ਕਿਸੇ ਵੀ ਹਾਲਤ ਵਿੱਚ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।

ਬੈਂਕ ਡਿਲੀਵਰੇਬਲ (ਜਿਵੇਂ ਡੈਬਿਟ ਕਾਰਡ/ਪਿੰਨ ਮੇਲਰ), ਜ਼ਰੂਰੀ ਸੂਚਨਾਵਾਂ ਅਤੇ ਹੋਰ ਸਬੰਧਿਤ ਵਸਤੂਆਂ ਗ੍ਰਾਹਕ ਦੇ ਰਜਿਸਟਰ ਕੀਤੇ ਡਾਕ ਪਤੇ/ਈਮੇਲ/ਮੋਬਾਈਲ ਨੰਬਰ 'ਤੇ, ਬੈਂਕ ਦੇ ਰਿਕਾਰਡ ਮੁਤਾਬਿਕ, ਭੇਜ ਸਕਦਾ ਹੈ। ਇਸ ਵਾਸਤੇ ਗ੍ਰਾਹਕ ਨੂੰ ਆਪਦੇ ਡਾਕ ਪਤੇ/ਈਮੇਲ ਪਤੇ/ਮੋਬਾਈਲ ਨੰਬਰ ਵਿੱਚ ਕਿਸੇ ਵੀ ਤਬਦੀਲੀ ਬਾਰੇ ਤੁਰੰਤ ਬੈਂਕ ਨੂੰ ਸੂਚਿਤ ਕਰਨਾ ਹੋਵੇਗਾ। ਜੇ ਗ੍ਰਾਹਕ ਵੱਲੋਂ ਤਬਦੀਲੀ ਦੀ ਸੂਚਨਾ ਨਾ ਦੇਣ ਕਾਰਨ ਅਜਿਹੀਆਂ ਵਸਤੂਆਂ ਦੀ ਗੁੰਮਸ਼ੁਦਾ/ਨੁਕਸਾਨ/ਗਲਤ ਡਿਲੀਵਰੀ ਜਾਂ ਅਸਫਲਤਾ ਹੋਵੇ, ਤਾਂ ਉਸ ਨਾਲ ਹੋਏ ਕਿਸੇ ਵੀ ਨੁਕਸਾਨ/ਅਸੁਵਿਧਾ ਵਾਸਤੇ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।

c) **ਕਾਰਡ ਸੁਰੱਖਿਆ**

ਆਰਬੀਆਈ ਦੇ ਨਿਰਦੇਸ਼ ਮੁਤਾਬਿਕ ਬੈਂਕ ਚਿਪ-ਸਮਰਥਿਤ ਡੈਬਿਟ ਕਾਰਡ ਜਾਰੀ ਕਰਦਾ ਹੈ। ਇਹ ਕਾਰਡ ਜਾਣਕਾਰੀ ਨੂੰ ਸੁਰੱਖਿਅਤ ਢੰਗ ਨਾਲ ਸੰਭਾਲਣ ਅਤੇ ਪ੍ਰਕਿਰਿਆ ਕਰਨ ਜ਼ਰੀਏ ਵੱਧ ਸੁਰੱਖਿਆ ਪ੍ਰਦਾਨ ਕਰਦੇ ਹਨ। ਇਹ ਅਧੁਨਿਕ ਤਕਨਾਲੋਜੀ ਨਕਲੀ ਕਾਰਡ ਬਣਾਉਣ ਵਾਸਤੇ ਕਾਰਡ ਦੀ ਨਕਲ ਕਰਨ ਤੋਂ ਬਚਾਅ ਵਿੱਚ ਵਧੇਰੇ ਪ੍ਰਭਾਵਸ਼ਾਲੀ ਹੈ।

ਡੈਬਿਟ ਕਾਰਡ ਗ੍ਰਾਹਕਾਂ ਨੂੰ ਦੋ-ਪੱਧਰੀ ਪ੍ਰਮਾਣਿਕਤਾ ਦੇ ਅਧਾਰ 'ਤੇ ਲੈਣ-ਦੇਣ ਕਰਨ ਵਾਸਤੇ ਜਾਰੀ ਕੀਤਾ ਜਾ ਸਕਦਾ ਹੈ, ਜੋ ਬਾਜ਼ਾਰ, ਨਿਯਮਕ ਅਤੇ ਬੈਂਕ ਦੀ ਵਪਾਰਕ ਲੋੜ ਮੁਤਾਬਿਕ ਲਾਜ਼ਮੀ ਹੋ ਸਕਦਾ ਹੈ, ਅਤੇ ਇਹ ਵਿਅਕਤੀਗਤ ਪਛਾਣ ਨੰਬਰ ਪਿੰਨ, ਓਟੀਪੀ ਜਾਂ ਹੋਰ ਕੋਈ ਸੁਰੱਖਿਅਤ ਢੰਗ ਹੋ ਸਕਦਾ ਹੈ ਜੋ ਨਿਯਮਕ ਦਾਇਰੇ ਤਹਿਤ ਬੈਂਕ ਵੱਲੋਂ ਉਚਿਤ ਮੰਨਿਆ ਗਿਆ ਹੋਵੇ।

ਗਾਹਕਾਂ ਨੂੰ ਲੈਣ-ਦੇਣ ਕਰਨ ਵਾਸਤੇ ਕਾਰਡ ਐਕਟੀਵੇਟ ਕਰਨ ਵਾਸਤੇ ਕਾਰਡ ਦਾ ਪਿੰਨ ਸੈੱਟ ਕਰਨਾ ਲਾਜ਼ਮੀ ਹੈ। ਪਿੰਨ ਨੂੰ ਇੰਡਸਇੰਡ ਬੈਂਕ ਮੋਬਾਈਲ ਬੈਂਕਿੰਗ/ਨੈੱਟ ਬੈਂਕਿੰਗ/ ਵੈੱਬਸਾਈਟ ਏਟੀਐਮ ਜਾਂ ਫੋਨ-ਬੈਂਕਿੰਗ ਜ਼ਰੀਆ ਸੈੱਟ ਕੀਤਾ ਜਾ ਸਕਦਾ ਹੈ। ਬੈਂਕ ਕੁਝ ਖਾਤਾ ਕਿਸਮਾਂ ਵਾਸਤੇ ਅਤੇ/ਜਾਂ ਗਾਹਕ ਦੀ ਬੇਨਤੀ 'ਤੇ ਗਾਹਕ ਨੂੰ ਸੀਲਬੰਦ ਲਿਫਾਫੇ ਵਿੱਚ ਭੌਤਿਕ ਪਿੰਨ ਭੇਜ ਸਕਦਾ ਹੈ। ਇਸ ਹਾਲਤ ਵਿੱਚ ਕਾਰਡ ਐਕਟੀਵੇਟ ਕਰਨ ਵਾਸਤੇ, ਗਾਹਕ ਇੰਡਸਇੰਡ ਬੈਂਕ ਮੋਬਾਈਲ ਬੈਂਕਿੰਗ/ ਨੈੱਟ ਬੈਂਕਿੰਗ/ ਵੈੱਬਸਾਈਟ ਏਟੀਐਮ ਜਾਂ ਫੋਨ-ਬੈਂਕਿੰਗ ਜ਼ਰੀਆ ਪਿੰਨ ਨੂੰ ਰੀਸੈੱਟ/ਬਦਲ ਸਕਦਾ ਹੈ ਜਾਂ ਭੌਤਿਕ ਪਿੰਨ ਦੀ ਵਰਤੋਂ ਕਰਦੇ ਹੋਏ ਪੀਓਐਸ/ ਏਟੀਐਮ 'ਤੇ ਲੈਣ-ਦੇਣ ਕਰ ਸਕਦਾ ਹੈ। ਬੈਂਕ ਵੱਲੋਂ ਭੌਤਿਕ ਰੂਪ ਵਿੱਚ ਭੇਜੇ ਗਏ ਸ਼ੁਰੂਆਤੀ ਪਾਸਵਰਡ/ ਪਿੰਨ ਨੂੰ ਤੁਰੰਤ ਬਦਲਣਾ ਸਿਫਾਰਸ਼ ਕੀਤਾ ਜਾਂਦਾ ਹੈ। ਈ-ਕਾਮਰਸ ਲੈਣ-ਦੇਣ ਦੀ ਪ੍ਰਮਾਣਿਕਤਾ ਵਾਸਤੇ ਓਟੀਪੀ ਗਾਹਕ ਦੇ ਰਜਿਸਟਰਡ ਮੋਬਾਈਲ ਨੰਬਰ 'ਤੇ ਭੇਜਿਆ ਜਾਂਦਾ ਹੈ।

ਬੈਂਕ ਇਹ ਭਰੋਸਾ ਦਿੰਦਾ ਹੈ ਕਿ ਪਿੰਨ/ ਓਟੀਪੀ ਜਾਰੀ ਕਰਦੇ ਸਮੇਂ ਬੈਂਕ ਵੱਲੋਂ ਉਚਿਤ ਸਾਵਧਾਨੀ ਵਰਤੀ ਜਾਂਦੀ ਹੈ ਅਤੇ ਇਸ ਬਾਰੇ ਗਾਹਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ। ਬੈਂਕ ਇਹ ਵੀ ਪੁਸ਼ਟੀ ਕਰਦਾ ਹੈ ਕਿ ਪਿੰਨ/ ਜਾਂ ਕੋਈ ਹੋਰ ਸੰਬੰਧਿਤ ਜਾਣਕਾਰੀ ਕਾਰਡਧਾਰਕ ਤੋਂ ਇਲਾਵਾ ਕਿਸੇ ਹੋਰ ਨਾਲ ਸਾਂਝੀ ਨਹੀਂ ਕੀਤੀ ਜਾਂਦੀ।

ਗਾਹਕ ਬੈਂਕ ਨੂੰ ਅਧਿਕਾਰ ਦਿੰਦਾ ਹੈ ਕਿ ਪਿੰਨ/ ਓਟੀਪੀ ਦੀ ਵਰਤੋਂ ਨਾਲ ਪ੍ਰਮਾਣਿਤ ਕੀਤੀਆਂ ਗਈਆਂ ਕਿਸੇ ਵੀ ਲੈਣ-ਦੇਣ ਨੂੰ ਅੰਜ਼ਾਮ ਦਿੱਤਾ ਜਾਵੇ ਅਤੇ ਗਾਹਕ ਦੇ ਡੈਬਿਟ ਕਾਰਡ ਜ਼ਰੀਆ ਸਹੀ ਪਿੰਨ ਦੀ ਵਰਤੋਂ ਕਰਕੇ ਸ਼ੁਰੂ ਕੀਤੀ ਗਈ ਲੈਣ-ਦੇਣ ਨੂੰ ਦੁਬਾਰਾ ਪ੍ਰਮਾਣਿਤ ਕਰਨ ਵਾਸਤੇ ਬੈਂਕ ਦੀ ਕੋਈ ਜ਼ਿੰਮੇਵਾਰੀ/ ਬਾਧਤਾ ਨਹੀਂ ਹੋਵੇਗੀ।

ਡੈਬਿਟ ਕਾਰਡ ਦੀ ਸੁਰੱਖਿਅਤ ਸੰਭਾਲ

ਗਾਹਕਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਡੈਬਿਟ ਕਾਰਡ ਅਤੇ ਇਸ ਨਾਲ ਸੰਬੰਧਿਤ ਪ੍ਰਮਾਣਿਕ ਜਾਣਕਾਰੀਆਂ, ਜਿਸ ਵਿੱਚ ਪਿੰਨ, ਓਟੀਪੀ, ਕਾਰਡ ਜਾਣਕਾਰੀ ਅਤੇ ਲਾਗਇਨ ਪ੍ਰਮਾਣਿਕਤਾ ਵੇਰਵੇ, ਫੋਨ-ਬੈਂਕਿੰਗ ਪ੍ਰਮਾਣਿਕਤਾ ਵੇਰਵੇ ਅਤੇ ਹੋਰ ਸਾਰੀਆਂ ਸੁਵਿਧਾਵਾਂ ਸ਼ਾਮਲ ਹਨ, ਬੈਂਕ ਵਿੱਚ ਰੱਖੇ ਖਾਤੇ ਵਿੱਚ ਵਿੱਤੀ ਲੈਣ-ਦੇਣ ਕਰਨ ਵਾਸਤੇ ਸਾਧਨ ਹਨ। ਉਪਰੋਕਤ ਵੇਰਵਿਆਂ ਅਤੇ ਭਵਿੱਖ ਵਿੱਚ ਬੈਂਕ ਵੱਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਵਾਸਤੇ ਹੋਰ ਸਾਰੇ ਪ੍ਰਮਾਣਿਕ ਵੇਰਵਿਆਂ ਦੀ ਸੁਰੱਖਿਅਤ ਸੰਭਾਲ ਅਤੇ ਗੁਪਤਤਾ ਵਾਸਤੇ ਗਾਹਕ ਖੁਦ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ। ਗਾਹਕ ਕਿਸੇ ਵੀ ਹਾਲਤ ਵਿੱਚ ਇਹ ਪ੍ਰਮਾਣਿਕ ਵੇਰਵੇ ਕਿਸੇ ਨਾਲ ਸਾਂਝੇ ਨਾ ਕਰਨ।

ਡਿਲੀਵਰੇਬਲਜ਼ ਗਾਹਕਾਂ ਨੂੰ ਜਾਂ ਤਾਂ ਵੈਲਕਮ ਕਿਟ ਨਾਲ ਭੇਜੇ ਜਾਂਦੇ ਹਨ ਜਾਂ ਵੈਲਕਮ ਕਿਟ ਭੇਜਣ ਤੋਂ ਬਾਅਦ ਵੱਖਰੇ ਡਾਕ ਜ਼ਰੀਆ ਭੇਜੇ ਜਾਂਦੇ ਹਨ। ਗਾਹਕ ਧਿਆਨ ਦੇਣ ਕਿ ਡਿਲੀਵਰੇਬਲਜ਼ ਕੇਵਲ ਉਸ ਪੱਤਰਚਾਰ ਪਤੇ 'ਤੇ ਹੀ ਭੇਜੇ ਜਾਂਦੇ ਹਨ ਜੋ ਕੇਵਾਈਸੀ ਮਾਪਦੰਡਾਂ ਦੇ ਤਹਿਤ ਯਥੋਚਿਤ ਤੌਰ 'ਤੇ ਪ੍ਰਮਾਣਿਤ ਹੋਇਆ ਹੋਵੇ ਅਤੇ ਬੈਂਕ ਨਾਲ ਰਜਿਸਟਰ ਹੋਵੇ।

ਉੱਚਤਮ ਸੁਰੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਬੈਂਕ ਗਾਹਕਾਂ ਨੂੰ ਭੌਤਿਕ ਡਾਕ ਜ਼ਰੀਆ

ਪ੍ਰਗਟ ਨਾ ਕਰੇ ਅਤੇ ਪਿੰਨ/ ਓਟੀਪੀ ਨੂੰ ਗੁਪਤ ਰੱਖਣ ਵਾਸਤੇ ਲਾਜ਼ਮੀ ਸਾਵਧਾਨੀ ਵਰਤੇ। ਖਾਤਾ ਬੰਦ ਕਰਨ/ ਕਾਰਡ ਸਰੈਂਡਰ ਕਰਨ ਦੀ ਹਾਲਤ ਵਿੱਚ ਗਾਹਕ ਡੈਬਿਟ ਕਾਰਡ ਨੂੰ ਬੈਂਕ ਸ਼ਾਖਾ ਪ੍ਰੰਗਣ ਵਿੱਚ ਨਿਯੁਕਤ ਬੈਂਕ ਅਧਿਕਾਰੀ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਨੂੰ ਨਾ ਸੌਂਪੇ।

ਗਾਹਕ ਡੈਬਿਟ ਕਾਰਡ ਅਤੇ ਪਿੰਨ ਦੀ ਸੁਰੱਖਿਅਤ ਸੰਭਾਲ ਵਾਸਤੇ ਜ਼ਿੰਮੇਵਾਰ ਹੈ। ਗਾਹਕ ਇਹ ਵੀ ਯਕੀਨੀ ਬਣਾਏ ਕਿ ਪਿੰਨ ਨੂੰ ਏਟੀਐਮ/ ਪੀਓਐਸ ਵਿੱਚ ਦਰਜ ਕਰਦੇ ਸਮੇਂ ਕਿਸੇ ਹੋਰ ਵੱਲੋਂ ਨਾ ਦੇਖਿਆ ਜਾਵੇ।

ਗਾਹਕ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਹਰ ਸਮੇਂ ਕਾਰਡ ਦੀ ਸੰਭਾਲ ਕਰੇ ਅਤੇ ਇਹ ਯਕੀਨੀ ਬਣਾਏ ਕਿ ਪਿੰਨ ਅਤੇ ਕਾਰਡ ਨੂੰ ਵੱਖ-ਵੱਖ ਰੱਖਿਆ ਜਾਵੇ, ਤਾਂ ਜੋ ਕਿਸੇ ਇੱਕ ਨਾਲ ਸਮਝੌਤਾ ਹੋਣ 'ਤੇ ਡੈਬਿਟ ਕਾਰਡ ਦੀ ਵਰਤੋਂ ਕਰਕੇ ਗਾਹਕ ਦੇ ਖਾਤੇ ਨਾਲ ਧੋਖਾਧੜੀ ਨਾ ਹੋ ਸਕੇ। ਗਾਹਕ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਪਿੰਨ ਯਾਦ ਰੱਖੇ ਅਤੇ ਇਸ ਨੂੰ ਕਿਸੇ ਕਾਗਜ਼ ਜਾਂ ਅਜਿਹੀ ਥਾਂ 'ਤੇ ਨਾ ਲਿਖੇ ਜੋ ਹੋਰਾਂ ਵਾਸਤੇ ਆਸਾਨੀ ਨਾਲ ਪਹੁੰਚਯੋਗ ਹੋਵੇ, ਇਸ ਤਰ੍ਹਾਂ ਗਾਹਕ ਦੇ ਖਾਤੇ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕਦੀ ਹੈ।

ਕਾਰਡਧਾਰਕ ਉੱਤੇ ਇਹ ਬਾਧਤਾ ਹੈ ਕਿ ਉਹ ਕਾਰਡ ਨੂੰ ਸੁਰੱਖਿਅਤ ਰੱਖਣ ਵਾਸਤੇ ਸਾਰੇ ਉਚਿਤ ਕਦਮ ਚੁੱਕੇ ਅਤੇ ਪਿੰਨ ਨੂੰ ਕਿਸੇ ਵੀ ਅਜਿਹੇ ਰੂਪ ਵਿੱਚ ਦਰਜ ਨਾ ਕਰੇ ਜੋ ਕਿਸੇ ਤੀਸਰੇ ਪੱਖ ਵਾਸਤੇ ਸਮਝਣਯੋਗ ਹੋਵੇ ਜਾਂ ਉਪਲਬਧ ਹੋ ਸਕੇ, ਜੇ ਉਸ ਰਿਕਾਰਡ ਤੱਕ ਪਹੁੰਚ ਸੱਚਾਈ ਜਾਂ ਬੇਇਮਾਨੀ ਨਾਲ ਪ੍ਰਾਪਤ ਕੀਤੀ ਜਾਵੇ।

d) ਲੈਣ-ਦੇਣ ਸੂਚਨਾ ਅਤੇ ਹੋਰ ਸੰਚਾਰ

ਨਿਯਮਕ ਹਦਾਇਤਾਂ ਮੁਤਾਬਿਕ ਡੈਬਿਟ ਕਾਰਡ ਜ਼ਰੀਆ ਕੀਤੀਆਂ ਲੈਣ-ਦੇਣ ਵਾਸਤੇ ਗਾਹਕਾਂ ਨੂੰ ਐਸਐਮਐਸ ਅਤੇ ਈਮੇਲ ਅਲਰਟ ਭੇਜੇ ਜਾਂਦੇ ਹਨ। ਬੈਂਕ ਵੱਲੋਂ ਇਹ ਅਲਰਟ ਵਟਸਐਪ ਅਤੇ ਹੋਰ ਡਿਜ਼ਿਟਲ ਚੈਨਲਾਂ ਜ਼ਰੀਆ ਵੀ ਉਪਲਬਧ ਕਰਵਾਏ ਜਾ ਸਕਦੇ ਹਨ। ਇਸ ਤੋਂ ਇਲਾਵਾ ਡੈਬਿਟ ਕਾਰਡ ਨਾਲ ਸੰਬੰਧਿਤ ਹੋਰ ਸੂਚਨਾਵਾਂ/ਸੰਚਾਰ ਗਾਹਕ ਦੇ ਰਜਿਸਟਰਡ ਮੋਬਾਈਲ ਨੰਬਰ ਅਤੇ ਈਮੇਲ ਆਈਡੀ 'ਤੇ, ਜੋ ਬੈਂਕ ਦੇ ਰਿਕਾਰਡ ਵਿੱਚ ਉਪਲਬਧ ਹਨ, ਭੇਜੇ ਜਾ ਸਕਦੇ ਹਨ। ਗਾਹਕ ਵੱਲੋਂ ਈਮੇਲ ਆਈਡੀ/ਮੋਬਾਈਲ ਨੰਬਰ ਵਿੱਚ ਤਬਦੀਲੀ ਦੀ ਸੂਚਨਾ ਨਾ ਦੇਣ ਕਾਰਨ ਇਸ ਤਰ੍ਹਾਂ ਦੀਆਂ ਵਸਤੂਆਂ ਦੇ ਗੁੰਮ ਹੋਣ/ਨੁਕਸਾਨ/ਅਸਫਲਤਾ/ਗਲਤ ਡਿਲੀਵਰੀ ਨਾਲ ਹੋਣ ਵਾਲੇ ਕਿਸੇ ਵੀ ਨੁਕਸਾਨ/ਹਾਨੀ/ਅਸੁਵਿਧਾ ਵਾਸਤੇ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।

ਗਾਹਕ ਫੋਨ-ਬੈਂਕਿੰਗ ਵਿਕਲਪ ਜਾਂ ਬੈਂਕ ਦੀ ਇੰਟਰਨੈੱਟ/ਮੋਬਾਈਲ ਬੈਂਕਿੰਗ ਦੀ ਵਰਤੋਂ ਕਰਕੇ ਡੈਬਿਟ ਕਾਰਡ ਜ਼ਰੀਆ ਕੀਤੀਆਂ ਲੈਣ-ਦੇਣ ਦਾ ਇਤਿਹਾਸ ਪ੍ਰਾਪਤ ਕਰ ਸਕਦਾ ਹੈ। ਗਾਹਕ ਇਹ ਵੀ ਯਕੀਨੀ ਬਣਾਏ ਕਿ ਸਟੇਟਮੈਂਟ ਵਿੱਚ ਕੋਈ ਵੀ ਗਲਤੀ/ਅਨਿਯਮਿਤਤਾ 15 ਦਿਨਾਂ ਦੇ ਅੰਦਰ ਰਿਪੋਰਟ ਕੀਤੀ ਜਾਵੇ। ਜੇ 15 ਦਿਨਾਂ ਦੇ ਅੰਦਰ ਗਾਹਕ ਵੱਲੋਂ ਕੋਈ ਜਵਾਬ ਪ੍ਰਾਪਤ ਨਾ ਹੋਵੇ, ਤਾਂ ਬੈਂਕ ਸਟੇਟਮੈਂਟ ਨੂੰ ਤੱਥਾਤਮਕ ਤੌਰ 'ਤੇ ਸਹੀ ਮਨੇਗਾ।

e) ਕਾਰਡ ਗੁੰਮ ਹੋਣਾ/ ਧੋਖਾਧੜੀ

ਜੇ ਨਿਮਨ ਲਿਖਤ ਵਿੱਚੋਂ ਕੋਈ ਵੀ ਘਟਨਾ ਵਾਪਰਦੀ ਹੈ, ਤਾਂ ਗਾਹਕ ਨੂੰ ਬੈਂਕ ਨੂੰ ਸੂਚਿਤ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ :-

a. ਕਾਰਡ ਦਾ ਗੁੰਮ ਹੋ ਜਾਣਾ ਜਾਂ ਚੋਰੀ ਹੋ ਜਾਣਾ ਜਾਂ ਕਾਰਡ ਡਾਟਾ ਦੀ ਸਕਿਮਿੰਗ ਜਾਂ ਨਕਲ ਕੀਤੇ ਜਾਣ ਬਾਰੇ ਜਾਣਕਾਰੀ ਹੋਣਾ;

b. ਗ੍ਰਾਹਕ ਦੇ ਖਾਤੇ 'ਤੇ ਕਿਸੇ ਗੈਰ-ਅਧਿਕ੍ਰਿਤ ਲੈਣ-ਦੇਣ ਬਾਰੇ ਜਾਣਕਾਰੀ ਹੋਣਾ।

ਗ੍ਰਾਹਕ ਨੂੰ ਅਜਿਹੀ ਕਿਸੇ ਵੀ ਘਟਨਾ ਦੀ ਰਿਪੋਰਟ ਕਰਨ ਵਾਸਤੇ ਤੁਰੰਤ ਬੈਂਕ ਨੂੰ (ਫੋਨ ਬੈਂਕਿੰਗ ਜ਼ਰੀਏ/ਨਜ਼ਦੀਕੀ ਬ੍ਰਾਂਚ ਵਿੱਚ ਜਾ ਕੇ/ਜਾਂ ਕਿਸੇ ਹੋਰ ਵੈਧ ਸੰਚਾਰ ਮਾਧਿਅਮ ਜ਼ਰੀਏ) ਸੂਚਿਤ ਕਰਨਾ ਲਾਜ਼ਮੀ ਹੋਵੇਗਾ।

ਕਾਰਡ ਸੇਵਾ ਸਬੰਧੀ ਮਾਮਲਿਆਂ ਵਾਸਤੇ ਗ੍ਰਾਹਕ ਵਾਸਤੇ ਹੇਠ ਲਿਖੇ ਮਾਧਿਅਮ ਉਪਲਬਧ ਹਨ:-

i. ਬ੍ਰਾਂਚਾਂ: ਕਾਰਡਧਾਰਕ ਕਿਸੇ ਵੀ ਬੈਂਕ ਬ੍ਰਾਂਚ ਵਿੱਚ ਜਾ ਕੇ ਸ਼ਿਕਾਇਤ ਦਰਜ ਕਰ ਸਕਦਾ ਹੈ ਜਾਂ ਗੁੰਮ/ਚੋਰੀ ਹੋਏ ਕਾਰਡ ਨੂੰ ਹਾਟ-ਲਿਸਟ ਕਰਨ ਦੀ ਬੇਨਤੀ ਕਰ ਸਕਦਾ ਹੈ।

ii. ਸੰਪਰਕ ਕੇਂਦਰ: ਬੈਂਕ ਕੋਲ 24x7 ਕਾਲ ਕੇਂਦਰ ਉਪਲਬਧ ਹਨ, ਜਿਨ੍ਹਾਂ ਵਿੱਚ ਟੋਲ-ਫ੍ਰੀ ਅਤੇ ਟੋਲ ਨੰਬਰ ਦੋਵੇਂ ਸ਼ਾਮਲ ਹਨ। ਗ੍ਰਾਹਕ ਦਿਨ ਜਾਂ ਰਾਤ ਕਿਸੇ ਵੀ ਸਮੇਂ ਬੈਂਕ ਨੂੰ ਕਾਲ ਕਰਕੇ ਸ਼ਿਕਾਇਤ ਦਰਜ ਕਰ ਸਕਦਾ ਹੈ ਜਾਂ ਬੇਨਤੀ ਕਰ ਸਕਦਾ ਹੈ। ਗੁੰਮ/ਚੋਰੀ ਹੋਏ ਕਾਰਡ ਦੀ ਔਲਾਈਨ ਹਾਟ-ਲਿਸਟਿੰਗ ਸਹੂਲਤ ਵੀ ਇੱਥੇ ਉਪਲਬਧ ਹੈ।

iii. ਇੰਡਸਇੰਡ ਬੈਂਕ ਨੈੱਟ ਬੈਂਕਿੰਗ/ ਇੰਡਸਇੰਡ ਬੈਂਕ ਮੋਬਾਈਲ ਬੈਂਕਿੰਗ: ਗ੍ਰਾਹਕ ਡਿਜ਼ਿਟਲ ਮਾਧਿਅਮਾਂ ਜ਼ਰੀਏ ਆਪਦਾ ਡੈਬਿਟ ਕਾਰਡ ਬਲਾਕ ਕਰ ਸਕਦੇ ਹਨ, ਬਦਲਵਾਂ ਕਾਰਡ ਵਾਸਤੇ ਅਰਜ਼ੀ ਦੇ ਸਕਦੇ ਹਨ, ਲੈਣ-ਦੇਣ ਸੀਮਾਵਾਂ ਪ੍ਰਬੰਧਿਤ ਕਰ ਸਕਦੇ ਹਨ ਆਦਿ।

iv. ਐਸਐਮਐਸ ਸੇਵਾ: ਗ੍ਰਾਹਕ ਐਸਐਮਐਸ ਸੇਵਾ ਜ਼ਰੀਏ ਡੈਬਿਟ ਕਾਰਡ ਬਲਾਕ ਕਰ ਸਕਦੇ ਹਨ।

ਉਪਰੋਕਤ ਬਿੰਦੂਆਂ ਬਾਰੇ ਵਧੇਰੇ ਜਾਣਕਾਰੀ ਬੈਂਕ ਦੀ ਵੈੱਬਸਾਈਟ ਦੇ ਕਾਰਡ ਸੈਕਸ਼ਨ ਹੇਠਾਂ ਡੈਬਿਟ ਕਾਰਡ ਪੰਨੇ ਵਿੱਚ ਦਿੱਤੇ ਗਏ ਅਕਸਰ ਪੁੱਛੇ ਜਾਂਦੇ ਪ੍ਰਸ਼ਨ (ਊਅਵ) ਭਾਗ ਵਿੱਚ ਦੇਖੀ ਜਾ ਸਕਦੀ ਹੈ। ਗ੍ਰਾਹਕ ਵੱਲੋਂ ਕਾਰਡ ਗੁੰਮ ਹੋ ਜਾਣ, ਗਲਤ ਹੱਥਾਂ ਵਿੱਚ ਪੈ ਜਾਣ ਜਾਂ ਚੋਰੀ ਹੋਏ ਕਾਰਡ ਦੀ ਗਲਤ ਵਰਤੋਂ ਬਾਰੇ ਸੂਚਨਾ ਦੇਣ ਤੋਂ ਪਹਿਲਾਂ ਹੋਈ ਕਿਸੇ ਵੀ ਧੋਖਾਧੜੀ ਵਾਲੀ ਲੈਣ-ਦੇਣ ਜਾਂ ਦੁਰਵਰਤੋਂ ਵਾਸਤੇ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।

ਜੇ ਗ੍ਰਾਹਕ ਆਪਦੇ ਡੈਬਿਟ ਕਾਰਡ ਦੇ ਗੁੰਮ ਹੋਣ, ਚੋਰੀ ਹੋਣ ਜਾਂ ਮਸੀਨ ਵਿੱਚ ਫਸ ਜਾਣ ਬਾਰੇ ਬੈਂਕ ਨੂੰ ਸੂਚਿਤ ਕਰਦਾ ਹੈ, ਤਾਂ ਬੈਂਕ ਲਾਗੂ ਸ਼ੁਲਕਾਂ ਸਮੇਤ ਨਵਾਂ ਕਾਰਡ ਜਾਰੀ ਕਰਕੇ ਬੈਂਕ ਦੇ ਰਿਕਾਰਡ ਮੁਤਾਬਿਕ ਰਜਿਸਟਰ ਕੀਤੇ ਪਤੇ 'ਤੇ ਭੇਜੇਗਾ।

f) ਸਮਾਪਤੀ

ਗ੍ਰਾਹਕ ਲਿਖਿਤ ਰੂਪ ਵਿੱਚ ਬੈਂਕ ਨੂੰ ਡੈਬਿਟ ਕਾਰਡ ਰੱਦ ਕਰਨ ਦੀ ਬੇਨਤੀ ਕਰ ਸਕਦਾ ਹੈ। ਬੈਂਕ ਨੂੰ ਬੇਨਤੀ ਪ੍ਰਾਪਤ ਹੋਣ ਦੇ ਸਮੇਂ ਤੱਕ ਡੈਬਿਟ ਕਾਰਡ ਨਾਲ ਸਬੰਧਿਤ ਬਕਾਇਆ ਰਕਮ ਦੀ ਅਦਾਇਗੀ ਕਰਨ ਦੀ ਜ਼ਿੰਮੇਵਾਰੀ ਗ੍ਰਾਹਕ ਦੀ ਹੋਵੇਗੀ। ਬੈਂਕ ਗ੍ਰਾਹਕ ਦੇ ਬੈਂਕ ਖਾਤੇ ਵਿੱਚ ਉਪਲਬਧ ਕਿਸੇ ਵੀ ਰਕਮ ਵਿੱਚੋਂ ਬਕਾਇਆ ਰਕਮ ਦੀ ਸਮਾਇਕਰਨ ਕਰਨ ਦਾ ਅਧਿਕਾਰ ਰੱਖਦਾ ਹੈ।

ਕਾਰਡ ਸਮਰਪਣ, ਰੱਦਗੀ ਜਾਂ ਹਾਟ ਲਿਸਟਿੰਗ ਦੇ ਸਮੇਂ ਗ੍ਰਾਹਕ ਨੂੰ ਚੁੰਬਕੀ ਪੱਟੀ ਅਤੇ ਚਿਪ 'ਤੇ ਕਾਰਡ ਨੂੰ ਦੋ ਟੁਕੜਿਆਂ ਵਿੱਚ ਕੱਟ ਕੇ ਨਸਟ ਕਰਨਾ ਚਾਹੀਦਾ ਹੈ।

ਖਾਤਾ ਬੰਦ ਹੋਣ ਦੀ ਹਾਲਤ ਵਿੱਚ ਗ੍ਰਾਹਕ ਨੂੰ ਏਟੀਐਮ/ਡੈਬਿਟ ਕਾਰਡ ਬੈਂਕ ਨੂੰ ਵਾਪਸ ਕਰਨਾ ਲਾਜ਼ਮੀ ਹੈ। ਅਜਿਹੇ ਸਾਧਨਾਂ ਦੇ ਗੁੰਮ ਹੋਣ ਕਾਰਨ ਹੋਏ ਕਿਸੇ ਵੀ ਨੁਕਸਾਨ ਵਾਸਤੇ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ। ਜੇ ਗ੍ਰਾਹਕ ਕਿਸੇ ਵੀ ਕਾਰਨ ਕਰਕੇ ਆਪਦਾ ਬੈਂਕ ਖਾਤਾ ਬੰਦ ਕਰਦਾ ਹੈ, ਤਾਂ ਕਾਰਡ ਅਕਾਰਜ ਕਰ ਦਿੱਤਾ ਜਾਵੇਗਾ ਅਤੇ ਗ੍ਰਾਹਕ ਨੂੰ ਤੁਰੰਤ ਕਾਰਡ ਨਸ਼ਟ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਬੈਂਕ ਵਪਾਰਕ ਜਾਂ ਸੁਰੱਖਿਆ ਕਾਰਨਾਂ ਕਰਕੇ ਜੇ ਲੋੜ ਸਮਝੇ ਤਾਂ ਬਗੈਰ ਪਹਿਲਾਂ ਸੂਚਨਾ ਦਿੱਤੇ ਕਾਰਡ ਦੀ ਵਰਤੋਂ 'ਤੇ ਰੋਕ, ਨਿਲੰਬਨ ਜਾਂ ਸਮਾਪਤੀ ਕਰ ਸਕਦਾ ਹੈ।

g) ਮਿਆਦ

ਕਾਰਡ ਉੱਤੇ ਦਰਸਾਏ ਗਏ ਸਮਾਪਤੀ ਮਹੀਨੇ ਦੇ ਆਖਰੀ ਕਾਰਜਕਾਰੀ ਦਿਨ ਤੱਕ ਵੈਧ ਰਹੇਗਾ। ਕਾਰਡ ਉਸ ਅਵਧੀ ਵਾਸਤੇ ਵੈਧ ਹੈ ਜੋ ਕਾਰਡ ਦੇ ਸਾਹਮਣੇ ਦਰਜ ਹੈ। ਸਮਾਪਤੀ ਮਿਤੀ ਤੋਂ ਪਹਿਲਾਂ ਖਾਤਾ ਹਾਲਤ, ਕਾਰਡ ਹਾਲਤ ਅਤੇ ਲੈਣ-ਦੇਣ ਹਾਲਤ ਦੀ ਸਮੀਖਿਆ ਕਰਨ ਤੋਂ ਬਾਅਦ ਬੈਂਕ ਆਪਣੀ ਇੱਛਾ ਮੁਤਾਬਿਕ ਯੋਗ ਗ੍ਰਾਹਕਾਂ ਨੂੰ ਨਵੀਨੀਕਰਨ ਕਾਰਡ ਭੇਜੇਗਾ। ਨਵੀਨੀਕਰਨ ਕਾਰਡ ਭੇਜਣ ਤੋਂ ਪਹਿਲਾਂ ਗ੍ਰਾਹਕ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਉਸਨੂੰ ਇਨਕਾਰ ਕਰਨ ਦਾ ਵਿਕਲਪ ਮਿਲੇਗਾ।

ਜਾਰੀ ਕਰਨ/ ਮੁੜ ਜਾਰੀ ਕਰਨ ਦੇ ਸਮੇਂ ਸਾਰੇ ਕਾਰਡ ਕੇਵਲ ਭਾਰਤ ਅੰਦਰ ਸੰਪਰਕ-ਆਧਾਰਿਤ ਵਰਤੋਂ ਸਥਾਨਾਂ (ਏਟੀਐਮ ਅਤੇ ਪੀਓਐਸ ਅਰਥਾਤ ਪੌਇੰਟ ਆਫ ਸੇਲ ਡਿਵਾਈਸਜ਼) 'ਤੇ ਵਰਤੋਂ ਵਾਸਤੇ ਹੀ ਸਮਰੱਥ ਕੀਤੇ ਜਾਂਦੇ ਹਨ। ਗਾਹਕ ਬੈਂਕ ਦੀ ਨੈੱਟ ਬੈਂਕਿੰਗ/ ਮੋਬਾਈਲ ਬੈਂਕਿੰਗ ਜ਼ਰੀਆ ਏਟੀਐਮ/ ਪੀਓਐਸ/ ਈ-ਕਾਮਰਸ/ ਕਾਂਟੈਕਟਲੈੱਸ ਵਾਸਤੇ ਘਰੇਲੂ ਅਤੇ ਅੰਤਰਰਾਸ਼ਟਰੀ ਲੈਣ-ਦੇਣ ਸੀਮਾਵਾਂ ਵਿੱਚ ਸੋਧ ਕਰਕੇ ਕਿਸੇ ਵੀ ਸਮੇਂ ਕਾਰਡ ਦੀ ਵਰਤੋਂ ਪਸੰਦ ਨੂੰ ਸਮਰੱਥ/ ਅਸਮਰੱਥ ਕਰ ਸਕਦਾ ਹੈ ਅਤੇ ਲੈਣ-ਦੇਣ ਸੀਮਾਵਾਂ ਦਾ ਪ੍ਰਬੰਧਨ ਕਰ ਸਕਦਾ ਹੈ।

ਐਨਆਰਓ ਖਾਤਾਧਾਰਕਾਂ ਵਾਸਤੇ ਡੈਬਿਟ ਕਾਰਡ ਕੇਵਲ ਘਰੇਲੂ ਲੈਣ-ਦੇਣ ਵਾਸਤੇ ਜਾਰੀ ਹੁੰਦੇ ਹਨ ਅਤੇ ਅੰਤਰਰਾਸ਼ਟਰੀ ਲੈਣ-ਦੇਣ ਸੀਮਾਵਾਂ ਚਾਲੂ ਨਹੀਂ ਕੀਤੀਆਂ ਜਾ ਸਕਦੀਆਂ।

h) ਵਿਸੇਸਤਾਵਾਂ ਅਤੇ ਫੀਸ

- **ਫੀਸ**:

ਕਾਰਡ ਦੀ ਵਰਤੋਂ ਕਿਸੇ ਵੀ ਏਟੀਐਮ/ਵਿਕਰੀ ਪੁਆਇੰਟ/ਹੋਰ ਉਪਕਰਣ 'ਤੇ ਕਰਨ ਨਾਲ ਸੇਵਾ ਸ਼ੁਲਕ, ਲੈਣ-ਦੇਣ ਫੀਸ, ਪ੍ਰਕਿਰਿਆ ਸ਼ੁਲਕ ਜਾਂ ਮੁਦਰਾ ਪਰਿਵਰਤਨ ਸ਼ੁਲਕ ਲਾਗੂ ਹੋ ਸਕਦੇ ਹਨ। ਅਜਿਹੇ ਸਾਰੇ ਸ਼ੁਲਕ ਸਬੰਧਿਤ ਖਾਤੇ ਵਿੱਚੋਂ ਕੱਟੇ ਜਾਣਗੇ ਅਤੇ ਉਨ੍ਹਾਂ ਦੀ ਅਦਾਇਗੀ ਵਾਸਤੇ ਗ੍ਰਾਹਕ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ।

ਡੈਬਿਟ ਕਾਰਡ ਜਾਰੀ ਕਰਨ, ਵਰਤੋਂ, ਬਦਲੀ ਜਾਂ ਹਾਟ ਲਿਸਟਿੰਗ ਆਦਿ ਨਾਲ ਸਬੰਧਿਤ ਫੀਸਾਂ ਬੈਂਕ ਦੀ ਵੈੱਬਸਾਈਟ 'ਤੇ ਉਪਲਬਧ ਸ਼ੁਲਕ ਸੂਚੀ ਮੁਤਾਬਿਕ ਹੋਣਗੀਆਂ।

- **ਇਨਾਮ ਪ੍ਰੋਗਰਾਮ**:

ਇੰਡਸ ਰਿਵਾਰਡਜ਼ ਅਤੇ/ਜਾਂ ਇੰਡੀ ਲਾਇਲਟੀ ਪ੍ਰੋਗਰਾਮ ਬੈਂਕ ਦੇ ਡੈਬਿਟ ਕਾਰਡ ਧਾਰਕਾਂ ਵਾਸਤੇ ਵਿਸ਼ੇਸ਼ ਗ੍ਰਾਹਕ ਇਨਾਮ ਯੋਜਨਾਵਾਂ ਹਨ।

ਇਸ ਪ੍ਰੋਗਰਾਮ ਤਹਿਤ ਗ੍ਰਾਹਕ ਡੈਬਿਟ ਕਾਰਡ ਲੈਣ-ਦੇਣ 'ਤੇ ਇਨਾਮ ਅੰਕ ਜਾਂ ਇੰਡੀ ਜੈਮ ਇੱਕਤਰ ਕਰ ਸਕਦੇ ਹਨ। ਇਹ ਅੰਕ ਸਮਾਪਤੀ ਤੋਂ ਪਹਿਲਾਂ ਗ੍ਰਾਹਕ ਦੇ ਖਾਤੇ ਵਿੱਚ ਕੈਸ਼ਬੈਕ ਵਜੋਂ ਜਾਂ ਕੈਟਾਲਾਗ ਰਿਡੀਮਸ਼ਨ ਵਜੋਂ ਭੁਗਤਾਨ ਕੀਤੇ ਜਾ ਸਕਦੇ ਹਨ, ਜੋ ਗ੍ਰਾਹਕ ਦੇ ਕਾਰਡ ਦੀ ਕਿਸਮ 'ਤੇ ਨਿਰਭਰ ਕਰਦਾ ਹੈ।

ਗਾਹਕ ਵੱਲੋਂ ਕੀਤੀਆਂ ਸਾਰੀਆਂ ਲੈਣ-ਦੇਣਾਂ ਇੰਡਸ ਰਿਵਾਰਡਜ਼ ਪ੍ਰੋਗਰਾਮ ਜਾਂ ਇੰਡੀ ਲਾਇਲਟੀ ਪ੍ਰੋਗਰਾਮਾਂ ਹੇਠ ਲਾਭ ਵਾਸਤੇ ਯੋਗ ਨਹੀਂ ਹੁੰਦੀਆਂ। ਗਾਹਕਾਂ ਨੂੰ ਯੋਗ ਲੈਣ-ਦੇਣਾਂ ਦੀ ਸੂਚੀ ਦੀ ਪੁਸ਼ਟੀ ਜਾਂ ਤਾਂ ਬੈਂਕ ਦੀ ਵੈੱਬਸਾਈਟ ਤੋਂ ਕਰਨੀ ਚਾਹੀਦੀ ਹੈ ਜਾਂ ਮੋਬਾਈਲ ਬੈਂਕਿੰਗ ਜ਼ਰੀਆ ਬੈਂਕ ਨਾਲ ਸੰਪਰਕ ਕਰਕੇ ਜਾਂ ਬੈਂਕ ਦੀ ਕਿਸੇ ਵੀ ਸ਼ਾਖਾ ਵਿੱਚ ਖੁਦ ਜਾ ਕੇ ਜਾਂ ਕਿਸੇ ਹੋਰ ਵੈਧ ਸੰਚਾਰ ਮਾਧਿਅਮ ਜ਼ਰੀਆ ਕਰਨੀ ਚਾਹੀਦੀ ਹੈ।

ਇੰਡਸ ਰਿਵਾਰਡਜ਼ ਜਾਂ ਇੰਡੀ ਲਾਇਲਟੀ ਪ੍ਰੋਗਰਾਮ ਜ਼ਰੀਆ ਕਮਾਏ ਗਏ ਰਿਵਾਰਡ ਪੌਇੰਟ ਬੈਂਕ ਦੀ ਰਿਵਾਰਡ ਰੀਡੈਂਪਸ਼ਨ ਨੀਤੀ ਮੁਤਾਬਿਕ ਭੁਨਾਏ ਜਾ ਸਕਦੇ ਹਨ। ਗਾਹਕ ਰਿਵਾਰਡ ਪੌਇੰਟ ਕੇਵਲ ਤਦੋਂ ਹੀ ਭੁਨਾ ਸਕਦੇ ਹਨ ਜਦੋਂ ਉਹ ਬੈਂਕ ਵੱਲੋਂ ਸਮੇਂ-ਸਮੇਂ ਤੇ ਨਿਰਧਾਰਤ ਕੀਤੀ ਗਈ ਘੱਟੋ-ਘੱਟ ਸੀਮਾ ਵਾਲੇ ਰਿਵਾਰਡ ਪੌਇੰਟ ਇੱਕਤਰ ਕਰ ਲੈਂਦੇ ਹਨ।

ਰਿਵਾਰਡ ਪੌਇੰਟਾਂ ਦੇ ਇੱਕਤਰ ਕਰਨ/ ਭੁਨਾਉਣ, ਕੈਸ਼ ਬੈਕ ਦੀ ਯੋਗਤਾ/ ਕੈਸ਼ ਬੈਕ ਦੀ ਰਕਮ ਜਾਂ ਗਾਹਕ ਦੇ ਖਾਤੇ ਵਿੱਚ ਕੈਸ਼ ਬੈਕ ਜਮ੍ਹਾਂ ਹੋਣ ਦੇ ਸਮੇਂ ਸਬੰਧੀ ਕਿਸੇ ਵੀ ਵਿਵਾਦ/ ਅੰਤਰ ਦੀ ਸਥਿਤੀ ਵਿੱਚ ਬੈਂਕ ਦਾ ਫ਼ੈਸਲਾ ਅੰਤਿਮ ਅਤੇ ਗਾਹਕ ਉੱਤੇ ਬਾਧਯਕ ਹੋਵੇਗਾ।

ਰਿਵਾਰਡ ਪ੍ਰੋਗਰਾਮ ਅਤੇ ਹੋਰ ਪ੍ਰਚਾਰਾਤਮਕ ਸਰਗਰਮੀਆ ਸਮੇਂ-ਬੱਧ ਹੁੰਦੀਆਂ ਹਨ ਅਤੇ ਬੈਂਕ ਵੱਲੋਂ ਗਾਹਕ ਨੂੰ ਬਿਨਾਂ ਪਹਿਲਾਂ ਸੂਚਨਾ ਦਿੱਤੇ ਕਿਸੇ ਵੀ ਸਮੇਂ ਬੰਦ ਕੀਤੀਆਂ ਜਾ ਸਕਦੀਆਂ ਹਨ।

- **ਬੀਮਾ**:

ਡੈਬਿਟ ਕਾਰਡ ਕਾਰਡ ਦੀ ਕਿਸਮ ਦੇ ਆਧਾਰ 'ਤੇ ਗਾਹਕ ਵਾਸਤੇ ਇਨਬਿਲਟ ਬੀਮਾ ਕਵਰ (ਕੰਪਲੀਮੈਂਟਰੀ/ ਭੁਗਤਾਨਯੋਗ) ਨਾਲ ਆ ਸਕਦਾ ਹੈ। ਬੀਮਾ ਕਵਰ ਵਿੱਚ ਗੁੰਮ ਹੋਏ ਕਾਰਡ ਦੀ ਜ਼ਿੰਮੇਵਾਰੀ ਕਵਰ, ਖਰੀਦ ਸੁਰੱਖਿਆ, ਨਿੱਜੀ ਦੁਰਘਟਨਾਤਮਕ ਮੌਤ ਬੀਮਾ, ਹਵਾਈ ਦੁਰਘਟਨਾ ਬੀਮਾ, ਚੈਕ-ਇਨ ਕੀਤੇ ਸਮਾਨ ਦੀ ਦੇਰੀ ਬੀਮਾ, ਏਟੀਐਮ ਹਮਲਾ ਬੀਮਾ, ਔਲਾਈਨ ਧੋਖਾਧੜੀ ਸੁਰੱਖਿਆ ਬੀਮਾ ਆਦਿ ਸ਼ਾਮਲ ਹੋ ਸਕਦੇ ਹਨ, ਜੋ ਸੰਬੰਧਿਤ ਬੀਮਾ ਕਵਰ ਵਾਸਤੇ ਲਾਗੂ ਨਿਯਮਾਂ ਅਤੇ ਸ਼ਰਤਾਂ ਮੁਤਾਬਿਕ ਹੋਣਗੇ। ਗਾਹਕ ਬੈਂਕ ਵੱਲੋਂ ਪ੍ਰਦਾਨ ਕੀਤੇ ਬੀਮਾ ਕਵਰ ਵਾਸਤੇ ਲਾਗੂ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕਰਨ ਤੋਂ ਬਾਅਦ ਹੀ ਲਾਭ ਦਾ ਦਾਅਵਾ ਕਰਨ ਦੇ ਹੱਕਦਾਰ ਹੋਣਗੇ।

ਬੀਮਾ ਰਕਮ ਕਾਰਡ ਦੀ ਕਿਸਮ, ਖਾਤੇ, ਵਰਤੋਂ ਆਦਿ ਦੇ ਮੁਤਾਬਿਕ ਵੱਖ-ਵੱਖ ਹੋ ਸਕਦੀ ਹੈ। ਬੈਂਕ ਆਪਣੇ ਵਿਵੇਕ ਮੁਤਾਬਿਕ ਸਮੇਂ-ਸਮੇਂ 'ਤੇ ਅਜਿਹੇ ਬੀਮੇ ਦੇ ਨਿਯਮਾਂ ਅਤੇ ਸ਼ਰਤਾਂ ਵਿੱਚ ਤਬਦੀਲੀ ਕਰਨ ਦਾ ਅਧਿਕਾਰ ਰੱਖਦਾ ਹੈ। ਗਾਹਕ ਤਾਜ਼ਾ ਲਾਗੂ ਬੀਮਾ ਕਵਰ ਵੇਰਵਿਆਂ ਅਤੇ ਸੰਬੰਧਿਤ ਨਿਯਮਾਂ ਅਤੇ ਸ਼ਰਤਾਂ ਨਾਲ-ਸ:% ਦਾਅਵਾ ਅਤੇ ਦਸਤਾਵੇਜ਼ੀ ਪ੍ਰਕਿਰਿਆ ਵਾਸਤੇ ਬੈਂਕ ਦੀ ਵੈੱਬਸਾਈਟ ਨੂੰ ਦੇਖਣ। ਵੇਰਵੇ https://www.indusind.com/in/en/personal/insurance-on-card.html 'ਤੇ ਉਪਲਬਧ ਹਨ। ਜੇ ਦਾਅਵੇ ਦੀ ਹਾਲਤ ਵਿੱਚ ਨਾਮਜ਼ਦ ਵਿਅਕਤੀ ਦੇ ਵੇਰਵੇ ਲੋੜਦੀਂ ਹੋਣ, ਜਿਵੇਂ ਕਿ ਨਿੱਜੀ ਦੁਰਘਟਨਾਤਮਕ ਮੌਤ, ਹਵਾਈ ਦੁਰਘਟਨਾ ਬੀਮਾ ਆਦਿ, ਤਾਂ ਕੇਵਲ "ਵਿਅਕਤੀਗਤ ਗਾਹਕਾਂ ਦੇ ਨਾਮਜ਼ਦ ਵਿਅਕਤੀ ਦੇ ਵੇਰਵੇ, ਜੋ ਡੈਬਿਟ ਕਾਰਡ ਨਾਲ ਜੁੜੇ ਖਾਤੇ ਵਿੱਚ ਉਪਲਬਧ ਹਨ, ਬੀਮਾ ਲਾਭ ਦਾ ਦਾਅਵਾ ਕਰਨ ਵਾਸਤੇ ਵਰਤੇ ਜਾਣਗੇ। ਜੇ ਗਾਹਕ ਦੇ ਖਾਤੇ ਵਿੱਚ ਨਾਮਜ਼ਦ ਵਿਅਕਤੀ ਦੇ ਵੇਰਵੇ ਉਪਲਬਧ ਨਹੀਂ ਹਨ, ਤਾਂ ਬੀਮਾ ਕੰਪਨੀ ਵੱਲੋਂ ਲੋੜਦੀਂ ਦਸਤਾਵੇਜ਼ ਅਤੇ ਯਥੋਚਿਤ ਪ੍ਰਕਿਰਿਆ ਮੁਤਾਬਿਕ ਨਿਰਧਾਰਿਤ ਕੀਤੇ "ਵਿਅਕਤੀਗਤ ਗਾਹਕ" ਦੇ ਕਾਨੂੰਨੀ ਵਾਰਸ ਦਾਅਵਾ ਸ਼ੁਰੂ ਕਰ ਸਕਦੇ ਹਨ। ਗੈਰ-ਵਿਅਕਤੀਗਤ ਖਾਤਿਆਂ ਵਾਸਤੇ, ਜਿਵੇਂ ਕਿ ਫਰਮਾਂ, ਕੰਪਨੀਆਂ ਆਦਿ, ਜਿੱਥੇ ਨਾਮਜ਼ਦ ਵਿਅਕਤੀ ਦੇ ਵੇਰਵੇ ਉਪਲਬਧ ਨਹੀਂ ਹੁੰਦੇ, ਉੱਥੇ ਡੈਬਿਟ ਕਾਰਡ ਉੱਤੇ ਉਹ ਬੀਮਾ ਕਵਰ ਜੋ ਨਾਮਜ਼ਦ ਵਿਅਕਤੀ ਦੇ ਵੇਰਵਿਆਂ ਦੀ ਲੋੜ ਰੱਖਦੇ ਹਨ, ਲਾਗੂ ਨਹੀਂ ਹੁੰਦੇ। ਬੀਮਾ ਦੀ ਉਪਲਬਧਤਾ ਹੋਰ ਜਾਣਕਾਰੀ ਦੇ ਨਾਲ ਹਰ ਸਟੇਟਮੈਂਟ ਵਿੱਚ ਸ਼ਾਮਲ ਕੀਤੀ ਜਾਂਦੀ ਹੈ।

- **ਐਡ-ਆਨ ਕਾਰਡ**:

ਉਤਪਾਦ ਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਗ੍ਰਾਹਕ ਮੌਜੂਦਾ ਬਚਤ ਖਾਤੇ ਵਾਸਤੇ ਐਡ-ਆਨ ਡੈਬਿਟ ਕਾਰਡ ਪ੍ਰਾਪਤ ਕਰਨ ਦੇ ਹੱਕਦਾਰ ਹਨ। ਇਨ੍ਹਾਂ ਐਡ-ਆਨ ਕਾਰਡਾਂ ਦੀ ਵਰਤੋਂ ਦੀ ਪੂਰੀ ਜ਼ਿੰਮੇਵਾਰੀ ਅਤੇ ਦਾਇਤਵ ਕੇਵਲ ਗ੍ਰਾਹਕ ਦਾ ਹੋਵੇਗਾ ਅਤੇ ਬੈਂਕ ਇਹ ਸਹੂਲਤ ਕੇਵਲ ਇੱਕ ਵਿਕਲਪ ਵਜੋਂ ਪ੍ਰਦਾਨ ਕਰਦਾ ਹੈ। ਐਡ-ਆਨ ਡੈਬਿਟ ਕਾਰਡ ਦੀਆਂ ਸੀਮਾਵਾਂ, ਸ਼ੁਲਕ ਅਤੇ ਵਿਸ਼ੇਸ਼ਤਾਵਾਂ ਉਸ ਡੈਬਿਟ ਕਾਰਡ ਦੀ ਕਿਸਮ ਮੁਤਾਬਿਕ ਹੋਣਗੀਆਂ ਅਤੇ ਇਹ ਪ੍ਰਾਇਮਰੀ ਖਾਤਾਧਾਰਕ ਨੂੰ ਜਾਰੀ ਕੀਤੇ ਡੈਬਿਟ ਕਾਰਡ 'ਤੇ ਨਿਰਭਰ ਨਹੀਂ ਕਰਨਗੀਆਂ।

i) ਜਾਣਕਾਰੀ ਸਾਂਝੀਕਰਨ/ਖੁਲਾਸਾ

ਬੈਂਕ ਡੈਬਿਟ ਕਾਰਡ ਨੂੰ ਨਮਜ਼ੂਰ ਅਤੇ ਵਰਤੋਂ ਕਰਦੇ ਹੋਏ ਗ੍ਰਾਹਕ ਬੈਂਕ ਨੂੰ ਅਧਿਕਾਰ ਦਿੰਦਾ ਹੈ, ਮਨਜ਼ੂਰੀ ਦਿੰਦਾ ਹੈ ਅਤੇ ਪੁਸ਼ਟੀ ਕਰਦਾ ਹੈ ਕਿ ਬੈਂਕ ਸਮੇਂ-ਸਮੇਂ 'ਤੇ ਗ੍ਰਾਹਕ ਨਾਲ ਸਬੰਧਿਤ ਕਿਸੇ ਵੀ ਜਾਣਕਾਰੀ ਅਤੇ/ਜਾਂ ਦਸਤਾਵੇਜ਼, ਜਿਨ੍ਹਾਂ ਵਿੱਚ ਗ੍ਰਾਹਕ ਦੇ ਰਜਿਸਟਰ ਕੀਤੇ ਸੰਚਾਰ ਸੰਪਰਕ ਪਤੇ/ਵੇਰਵੇ (ਡਾਕ ਪਤਾ, ਈਮੇਲ, ਮੋਬਾਈਲ ਨੰਬਰ, ਸੋਸ਼ਲ ਮੀਡੀਆ ਪਲੇਟਫਾਰਮ/ਚੈਨਲ ਆਦਿ) ਸ਼ਾਮਲ ਹਨ ਪਰ ਇਨ੍ਹਾਂ ਤੱਕ ਸੀਮਿਤ ਨਹੀਂ ਜੋ ਗ੍ਰਾਹਕ ਨੇ ਆਪਣੀ ਇੱਛਾ ਨਾਲ ਰਜਿਸਟਰ ਜਾਂ ਸਾਂਝੇ ਕੀਤੇ ਹਨ ਅਤੇ ਭਵਿੱਖ ਵਿੱਚ ਵੀ ਕਰ ਸਕਦਾ ਹੈ, ਨੂੰ ਨਿਮਨ ਲਿਖਤ ਸੰਸਥਾਵਾਂ ਨਾਲ ਵਰਤ ਸਕੇ, ਸਾਂਝੇ ਕਰ ਸਕੇ ਅਤੇ ਪ੍ਰਕਟ ਕਰ ਸਕੇ:-

1. ਬੈਂਕ ਦੀ ਕੋਈ ਵੀ ਮਾਤਾ ਕੰਪਨੀ, ਸਹਾਇਕ ਕੰਪਨੀ, ਸਬੰਧਿਤ ਇਕਾਈ ਜਾਂ ਸਹਿਯੋਗੀ ਸੰਸਥਾ;
2. ਭਾਰਤੀ ਰਿਜ਼ਰਵ ਬੈਂਕ ਅਤੇ ਅੰਤਰਰਾਸ਼ਟਰੀ ਵਿੱਤੀ ਸੇਵਾ ਕੇਂਦਰ;
3. ਭਾਰਤ ਸਰਕਾਰ ਆਪਦੇ ਅਧਿਕ੍ਰਿਤ ਪ੍ਰਤੀਨਿਧੀ ਜਾਂ ਸੰਸਥਾ ਜ਼ਰੀਏ;
4. ਅਦਾਲਤਾਂ ਜਾਂ ਜਾਂਚ ਏਜੰਸੀਆਂ;
5. ਭਾਰਤੀ ਪੱਤਰ-ਪੂੰਜੀ ਅਤੇ ਵਿਨਿਮਯ ਬੋਰਡ;
6. ਸਟਾਕ ਐਕਸਚੇਂਜਾਂ ਦੇ ਅਧਿਕ੍ਰਿਤ ਪ੍ਰਤੀਨਿਧੀ;
7. ਆਡੀਟਰ ਅਤੇ ਪੇਸ਼ੇਵਰ ਸਲਾਹਕਾਰ;
8. ਕੋਈ ਵੀ ਤੀਜਾ ਪੱਖ, ਏਜੰਟ, ਸੇਵਾ ਪ੍ਰਦਾਤਾ ਜਾਂ ਪੇਸ਼ੇਵਰ ਸਲਾਹਕਾਰ ਜਿਨ੍ਹਾਂ ਨੂੰ ਬੈਂਕ ਨੇ ਨਿਯੁਕਤ ਕੀਤਾ ਹੋਵੇ; ਜਾਂ ਕੋਈ ਹੋਰ ਕਾਨੂੰਨੀ ਇਕਾਈ ਜਾਂ ਅਧਿਕ੍ਰਿਤ ਵਿਅਕਤੀ ਜੋ ਅਜਿਹੀ ਜਾਣਕਾਰੀ ਪ੍ਰਾਪਤ ਕਰਨ ਦਾ ਹੱਕਦਾਰ ਹੋਵੇ;
9. ਕਰਜ਼ਾ ਜਾਣਕਾਰੀ ਬਿਊਰੋ, ਜਿਨ੍ਹਾਂ ਵਿੱਚ ਸੀਬਿਲ ਵੀ ਸ਼ਾਮਲ ਹੈ ਪਰ ਇਨ੍ਹਾਂ ਤੱਕ ਸੀਮਿਤ ਨਹੀਂ ਅਤੇ
10. ਕੋਈ ਹੋਰ ਸੰਸਥਾ ਜਿਸ ਨਾਲ ਬੈਂਕ ਨੂੰ ਕਾਨੂੰਨੀ ਤੌਰ 'ਤੇ ਅਜਿਹੀ ਜਾਣਕਾਰੀ ਸਾਂਝੀ ਕਰਨੀ ਲਾਜ਼ਮੀ ਹੋਵੇ।

ਉਕਤ ਜਾਣਕਾਰੀ ਬੈਂਕ ਵੱਲੋਂ ਹੇਠ ਲਿਖੇ ਕਿਸੇ ਵੀ ਉਦੇਸ਼ ਵਾਸਤੇ ਸਾਂਝੀ ਕੀਤੀ ਜਾ ਸਕਦੀ ਹੈ:-

1. ਗ੍ਰਾਹਕ ਦੇ ਖਾਤੇ(ਤੇ) ਦੀ ਕਾਰਵਾਈ ਜਾਂ ਬੈਂਕ ਵੱਲੋਂ ਗ੍ਰਾਹਕ(ਕਾਂ) ਦੁਆਰਾ ਪ੍ਰਾਪਤ ਕੀਤੀਆਂ ਸੇਵਾਵਾਂ ਨਾਲ ਸਬੰਧਿਤ ਜਾਣਕਾਰੀ ਪ੍ਰਾਪਤ ਕਰਨ ਵਾਸਤੇ, ਚਾਹੇ ਉਹ ਜਾਣਕਾਰੀ ਸਿੱਧੀ ਬੈਂਕ ਤੋਂ, ਕੇਂਦਰੀ ਕੇਵਾਈਸੀ ਰਜਿਸਟਰੀ ਤੋਂ ਜਾਂ ਬੈਂਕ ਦੇ ਅਧਿਕ੍ਰਿਤ ਸੇਵਾ ਪ੍ਰਦਾਤਾਵਾਂ/ਏਜੰਸੀ(ਆਂ)/ਪੇਸ਼ੇਵਰ ਸਲਾਹਕਾਰਾਂ ਜ਼ਰੀਏ ਪ੍ਰਾਪਤ ਕੀਤੀ ਜਾ ਰਹੀ ਹੋਵੇ; ਅਤੇ/ਜਾਂ
2. ਏਪੀਆਈ ਆਧਾਰਿਤ ਪ੍ਰਮਾਣਿਕਤਾ ਦੇ ਮਾਮਲਿਆਂ ਵਿੱਚ, ਜਿੱਥੇ ਗ੍ਰਾਹਕ ਦੇ ਵੇਰਵੇ ਬੈਂਕ ਦੀਆਂ ਵੈੱਬ ਐਪਲੀਕੇਸ਼ਨਾਂ ਜਾਂ ਪ੍ਰਣਾਲੀਆਂ ਜ਼ਰੀਏ ਬੈਂਕਿੰਗ ਬੇਨਤੀਆਂ/ਅਰਜ਼ੀਆਂ ਦੀ ਪ੍ਰਕਿਰਿਆ ਕਰਨ ਵਾਸਤੇ ਆਪਦੇ ਆਪ ਪ੍ਰਾਪਤ ਜਾਂ ਭਰੇ ਜਾਂਦੇ ਹਨ; ਅਤੇ/ਜਾਂ
3. ਬੈਂਕ ਦੇ ਉਤਪਾਦਾਂ ਜਾਂ ਸੇਵਾਵਾਂ ਨਾਲ ਸਬੰਧਿਤ ਕਿਸੇ ਵੀ ਕਿਸਮ ਦੀ ਪ੍ਰਚਾਰਕ, ਖੋਜ ਜਾਂ ਫੀਡਬੈਕ ਆਧਾਰਿਤ ਕਿਰਿਆਵਲੀ ਵਾਸਤੇ, ਜਿਸ ਬਾਰੇ ਗ੍ਰਾਹਕ ਨੂੰ ਆਮ ਜਾਣਕਾਰੀ ਵਾਸਤੇ ਸੂਚਿਤ ਕੀਤਾ ਜਾ ਸਕਦਾ ਹੈ ਜਾਂ ਮੌਜੂਦਾ ਗ੍ਰਾਹਕ ਵਜੋਂ ਆਪਣੀ ਪ੍ਰਤੀਕਿਰਿਆ ਦੇਣ ਵਾਸਤੇ ਕਿਹਾ ਜਾ ਸਕਦਾ ਹੈ; ਜਦ ਤੱਕ ਗ੍ਰਾਹਕ ਬੈਂਕ ਦੀ ਨਿਰਧਾਰਤ ਪ੍ਰਕਿਰਿਆ ਮੁਤਾਬਿਕ ਆਪਦੇ ਰਜਿਸਟਰ ਕੀਤੇ ਸੰਚਾਰ ਪਤੇ/ਵੇਰਵਿਆਂ 'ਤੇ ਸੰਚਾਰ ਭੇਜਣਾ ਬੰਦ ਕਰਨ ਵਾਸਤੇ ਬੈਂਕ ਨੂੰ ਬੇਨਤੀ ਜਾਂ ਸੂਚਨਾ ਨਾ ਦੇਵੇ। ਬੈਂਕ ਇਹ ਯਕੀਨੀ ਬਣਾਏਗਾ ਕਿ ਗ੍ਰਾਹਕ ਦੁਆਰਾ ਪ੍ਰਦਾਨ ਕੀਤੇ ਗਏ ਸਾਰੇ ਸੰਚਾਰ ਸੰਪਰਕ ਵੇਰਵਿਆਂ ਦੀ ਸੁਰੱਖਿਆ ਅਤੇ ਗੋਪਨੀਯਤਾ ਬਰਕਰਾਰ ਰਹੇ। ਜੇ ਗ੍ਰਾਹਕ ਗੈਰ-ਨਿਵਾਸੀ ਭਾਰਤੀ ਜਾਂ ਵਿਦੇਸ਼ੀ ਨਾਗਰਿਕ ਹੈ ਜਾਂ ਬਣ ਜਾਂਦਾ ਹੈ, ਤਾਂ ਗ੍ਰਾਹਕ ਇਹ ਪੁਸ਼ਟੀ ਕਰਦਾ ਹੈ ਕਿ ਇਹ ਸਹਿਮਤੀ ਉਸਦੀ ਕਾਨੂੰਨੀ ਸਮਰੱਥਾ ਦੇ ਅੰਦਰ ਹੈ ਅਤੇ ਇਸ ਨਾਲ ਉਸਦੇ ਨਿਵਾਸ ਦੇਸ਼ ਦੇ ਕਿਸੇ ਵੀ ਲਾਗੂ ਕਾਨੂੰਨ ਜਾਂ ਨਿਯਮ ਦੀ ਉਲੰਘਣਾ ਨਹੀਂ ਹੁੰਦੀ।

ਬੈਂਕ ਆਪਦੇ ਵਿਵੇਕ ਮੁਤਾਬਿਕ ਗ੍ਰਾਹਕ ਜਾਂ ਉਸਦੇ ਖਾਤਿਆਂ/ਵਿੱਤੀ ਹਾਲਤ ਬਾਰੇ ਹੋਰ ਕੋਈ ਵੀ ਜਾਣਕਾਰੀ ਉਪਲਬਧ ਸਰੋਤਾਂ ਜ਼ਰੀਏ ਪ੍ਰਾਪਤ ਕਰਨ ਦਾ ਅਧਿਕਾਰ ਰੱਖਦਾ ਹੈ।

j) ਏਟੀਐਮ ਲੈਣ-ਦੇਣ ਨਾਲ ਸਬੰਧਿਤ ਵਿਵਾਦ

ਜੇ ਕਾਰਡਧਾਰਕ ਦੇ ਧਿਆਨ ਵਿੱਚ ਆਵੇ ਕਿ ਏਟੀਐਮ ਲੈਣ-ਦੇਣ ਵਾਸਤੇ ਉਸਦੇ ਖਾਤੇ ਵਿੱਚ ਗਲਤ ਔਂਟਰੀ ਡੈਬਿਟ ਹੋ ਗਈ ਹੈ, ਤਾਂ ਕਾਰਡਧਾਰਕ ਨੂੰ ਤੁਰੰਤ ਬੈਂਕ ਨਾਲ ਸੰਪਰਕ ਕਰਨਾ ਚਾਹੀਦਾ ਹੈ। ਬੈਂਕ ਜਾਂਚ ਕਰੇਗਾ ਅਤੇ ਆਪਦੇ ਨਤੀਜਿਆਂ ਬਾਰੇ ਕਾਰਡਧਾਰਕ ਨੂੰ ਸੂਚਿਤ ਕਰੇਗਾ। ਬੈਂਕ ਦਾ ਫੈਸਲਾ ਅੰਤਿਮ ਅਤੇ ਕਾਰਡਧਾਰਕ ਉੱਤੇ ਬਾਧਯਕਾਰੀ ਹੋਵੇਗਾ। ਕਿਸੇ ਵੀ ਵਿਵਾਦਤ ਲੈਣ-ਦੇਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਲਿਖਿਤ ਰੂਪ ਵਿੱਚ ਬੈਂਕ ਨੂੰ ਸੂਚਿਤ ਕਰਨਾ ਲਾਜ਼ਮੀ ਹੈ।

ਜੇ ਕਾਰਡਧਾਰਕ ਨੂੰ ਏਟੀਐਮ ਤੋਂ ਫਾਟੇ/ਕਟੇ/ਨੁਕਸਾਨਗ੍ਰਸਤ/ਨਕਲੀ ਕਰੰਸੀ ਨੋਟ ਪ੍ਰਾਪਤ ਹੁੰਦੇ ਹਨ, ਤਾਂ ਉਹ ਬ੍ਰਾਂਚ ਵਿੱਚ ਜਾ ਕੇ ਲਿਖਿਤ ਅਰਜ਼ੀ ਅਤੇ ਲੈਣ-ਦੇਣ ਸਲਿੱਪ ਦੇ ਨਾਲ ਨੋਟ ਬਦਲ ਸਕਦਾ ਹੈ ਅਤੇ ਇਹ ਪੁਸ਼ਟੀ ਕਰੇ ਕਿ ਲੈਣ-ਦੇਣ ਉਸਨੇ ਏਟੀਐਮ 'ਤੇ ਕੀਤਾ ਸੀ। ਕਿਸੇ ਹੋਰ ਕਿਸਮ ਦਾ ਦਾਅਵਾ ਨਮਜ਼ੂਰ ਨਹੀਂ ਕੀਤਾ ਜਾਵੇਗਾ।ਜੇ ਕਾਰਡਧਾਰਕ ਏਟੀਐਮ ਜਾਂ ਟੈਲਰ ਕਾਊਂਟਰ ਜ਼ਰੀਏ ਜਮ੍ਹਾਂ

ਕਰਵਾਈ ਰਕਮ ਵਿੱਚ ਨਕਲੀ/ਫਾਟੇ/ਨੁਕਸਾਨਗ੍ਰਸਤ ਨੋਟ ਮਿਲਦੇ ਹਨ, ਤਾਂ ਬੈਂਕ ਅਜਿਹੇ ਨੋਟਾਂ ਦੀ ਕੀਮਤ ਦਾ ਕਰੈਡਿਟ ਨਹੀਂ ਦੇਵੇਗਾ ਅਤੇ ਨਕਲੀ ਨੋਟ ਵਾਪਸ ਨਹੀਂ ਕਰੇਗਾ। ਹਾਲਾਂਕਿ, ਕਾਰਡਧਾਰਕ ਦੀ ਲਿਖਿਤ ਬੇਨਤੀ 'ਤੇ ਨੁਕਸਾਨਗ੍ਰਸਤ/ਫਾਟੇ ਨੋਟ ਵਾਪਸ ਕੀਤੇ ਜਾ ਸਕਦੇ ਹਨ। ਬੈਂਕ ਰਿਜ਼ਰਵ ਬੈਂਕ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਅਜਿਹੇ ਨਕਲੀ/ਨੁਕਸਾਨਗ੍ਰਸਤ ਨੋਟਾਂ ਦੀ ਰਿਪੋਰਟਿੰਗ ਵਾਸਤੇ ਲਾਜ਼ਮੀ ਕਾਰਵਾਈ ਕਰੇਗਾ।

ਕਿਸੇ ਵੀ ਵਿਵਾਦ ਦੀ ਹਾਲਤ ਵਿੱਚ ਬੈਂਕ ਏਟੀਐਮ ਦੀ ਆਡਿਟ ਟ੍ਰੇਲ (ਛਪੀ ਜਾਂ ਅਣ-ਸੰਪਾਦਨਯੋਗ ਇਲੈਕਟ੍ਰਾਨਿਕ ਰੂਪ ਵਿੱਚ) ਨੂੰ ਅੰਤਿਮ ਅਤੇ ਨਿਰਣਾਇਕ ਸਬੂਤ ਵਜੋਂ ਵਰਤੇਗਾ ਅਤੇ ਕਾਰਡਧਾਰਕ ਉਸਦੀ ਰਿਕਾਰਡਿੰਗ ਨੂੰ ਮੰਨਣ ਵਾਸਤੇ ਸਹਿਮਤ ਹੋਵੇਗਾ।

ਜੇ ਕਾਰਡਧਾਰਕ ਦਾ ਕਾਰਡ ਕਿਸੇ ਹੋਰ ਬੈਂਕ ਦੇ ਏਟੀਐਮ ਵਿੱਚ ਫਸ ਜਾਂਦਾ ਹੈ, ਤਾਂ ਕਾਰਡਧਾਰਕ ਬੈਂਕ ਨੂੰ ਸੂਚਿਤ ਕਰੇ ਤਾਂ ਜੋ ਕਾਰਡ ਬਲਾਕ ਕੀਤਾ ਜਾ ਸਕੇ ਅਤੇ ਨਵਾਂ ਕਾਰਡ ਜਾਰੀ ਕੀਤਾ ਜਾ ਸਕੇ।

k) ਲੈਣ-ਦੇਣ ਅਸਫਲਤਾ/ਵਾਪਸੀ

ਅਸਫਲ ਜਾਂ ਅਣਸਫਲ ਲੈਣ-ਦੇਣ ਦੀ ਰਕਮ ਵਾਪਸ ਕਰਨ ਵਾਸਤੇ ਨਿਰਧਾਰਤ ਸਮਾਂ-ਸੀਮਾ ਅਤੇ ਉਸ ਸਮਾਂ-ਸੀਮਾ ਦੀ ਉਲੰਘਣਾ ਹੋਣ 'ਤੇ ਭੁਗਤਾਨਯੋਗ ਮੁਆਵਜ਼ਾ ਹੇਠ ਲਿਖੇ ਮੁਤਾਬਿਕ ਹੈ:

ਕ੍ਰਮ ਨੰਬਰ	ਘੀਨਾ ਦਾ ਵੇਰਵਾ	ਸਵੈਚਾਲਿਤ ਵਾਪਸੀ ਅਤੇ ਮੁਆਵਜ਼ਾ ਢਾਂਚਾ	
		ਸਵੈਚਾਲਿਤ ਵਾਪਸੀ ਵਾਸਤੇ ਸਮਾਂ-ਸੀਮਾ	ਭੁਗਤਾਨਯੋਗ ਮੁਆਵਜ਼ਾ
ਆਟੋਮੈਟਿਕ ਟੈਲਰ ਮਸ਼ੀਨਾਂ (ਏਟੀਐਮ) ਸਮੇਤ ਮਾਈਕ੍ਰੋ ਏਟੀਐਮ			
a.	ਗ੍ਰਾਹਕ ਦੇ ਖਾਤੇ ਤੋਂ ਰਕਮ ਕੱਟੀ ਗਈ ਪਰ ਨਗਦ ਪ੍ਰਦਾਨ ਨਹੀਂ ਕੀਤਾ ਗਿਆ।	ਅਸਫਲ ਲੈਣ-ਦੇਣ ਦੀ ਸਵੈਚਾਲਿਤ ਵਾਪਸੀ ਵੱਧ ਤੋਂ ਵੱਧ ਟੀ + 5 ਕਾਰਜਕਾਰੀ ਦਿਨਾਂ ਦੇ ਅੰਦਰ।	ਟੀ + 5 ਕਾਰਜਕਾਰੀ ਦਿਨਾਂ ਤੋਂ ਵੱਧ ਦੀ ਦੇਰੀ ਵਾਸਤੇ ਪ੍ਰਤੀ ਦਿਨ ₹100 ਖਾਤਾਧਾਰਕ ਦੇ ਖਾਤੇ ਵਿੱਚ ਜਮ੍ਹਾਂ।
ਕਾਰਡ ਲੈਣ-ਦੇਣ			
a.	ਵਕਰੀ ਪੁਆਇੰਟ (ਪੀਓਐਸ) (ਕਾਰਡ ਹਾਜ਼ਰ) ਸਮੇਤ ਪੀਓਐਸ 'ਤੇ ਨਗਦ। ਖਾਤੇ ਤੋਂ ਰਕਮ ਡੈਬਿਟ ਹੋ ਗਈ ਪਰ ਮਰਚੈਂਟ ਸਥਾਨ 'ਤੇ ਪੂਸਟੀ ਪ੍ਰਾਪਤ ਨਹੀਂ ਹੋਈ, ਅਰਥਾਤ ਚਾਰਜ ਸਲਿੱਪ ਤਿਆਰ ਨਹੀਂ ਹੋਈ।	ਟੀ + 5 ਕਾਰਜਕਾਰੀ ਦਿਨਾਂ ਦੇ ਅੰਦਰ ਸਵੈਚਾਲਿਤ ਵਾਪਸੀ।	ਟੀ + 5 ਕਾਰਜਕਾਰੀ ਦਿਨਾਂ ਤੋਂ ਵੱਧ ਦੀ ਦੇਰੀ ਵਾਸਤੇ ਪ੍ਰਤੀ ਦਿਨ ₹100।
b.	ਕਾਰਡ ਗੈਰ-ਹਾਜ਼ਰ (ਸੀਐਨਪੀ) (ਈ-ਕਾਮਰਸ) ਖਾਤੇ ਤੋਂ ਰਕਮ ਡੈਬਿਟ ਹੋ ਗਈ ਪਰ ਮਰਚੈਂਟ ਦੇ ਸਿਸਟਮ 'ਤੇ ਪੁਸ਼ਟੀ ਪ੍ਰਾਪਤ ਨਹੀਂ ਹੋਈ।		

ਵਧੇਰੇ ਜਾਣਕਾਰੀ ਅਤੇ ਨਵੀਨਤਮ ਲਾਗੂ ਢਾਂਚੇ ਵਾਸਤੇ ਗ੍ਰਾਹਕ ਬੈਂਕ ਦੀ ਵੈੱਬਸਾਈਟ 'ਤੇ ਉਪਲਬਧ ਗ੍ਰਾਹਕ ਮੁਆਵਜ਼ਾ ਨੀਤੀ ਨੂੰ ਵੇਖ ਸਕਦਾ ਹੈ।

I) ਗ੍ਰਾਹਕ ਦੀ ਸੀਮਿਤ ਜ਼ਿੰਮੇਵਾਰੀ

(a) ਗ੍ਰਾਹਕ ਦੀ ਸੂਨਜ ਜ਼ਿੰਮੇਵਾਰੀ

ਗ੍ਰਾਹਕ ਨੂੰ ਸੂਨਜ ਜ਼ਿੰਮੇਵਾਰੀ ਦਾ ਹੱਕ ਉਸ ਹਾਲਤ ਵਿੱਚ ਪ੍ਰਾਪਤ ਹੋਵੇਗਾ ਜਦੋਂ ਗੈਰ-ਅਧਿਕ੍ਰਿਤ ਲੈਣ-ਦੇਣ ਨਿਮਨ ਲਿਖਤ ਘਟਨਾਵਾਂ ਵਿੱਚ ਵਾਪਰੇ:-

i. ਬੈਂਕ ਵੱਲੋਂ ਕੀਤੀ ਗਈ ਸਾਂਝੀ ਘੋਖਾਧੜੀ/ਲਾਪਰਵਾਹੀ/ਕਮੀ (ਭਾਵੇਂ ਗ੍ਰਾਹਕ ਨੇ ਲੈਣ-ਦੇਣ ਦੀ ਰਿਪੋਰਟ ਕੀਤੀ ਹੋਵੇ ਜਾਂ ਨਾ ਕੀਤੀ ਹੋਵੇ)।

ii. ਤੀਜੇ ਪੱਖ ਦੀ ਉਲੰਘਣਾ ਜਿੱਥੇ ਕਮੀ ਨਾ ਬੈਂਕ ਦੀ ਹੋਵੇ ਅਤੇ ਨਾ ਹੀ ਗ੍ਰਾਹਕ ਦੀ, ਸਗੋਂ ਪ੍ਰਣਾਲੀ ਵਿੱਚ ਕਿਸੇ ਹੋਰ ਥਾਂ ਹੋਵੇ, ਅਤੇ ਗ੍ਰਾਹਕ ਬੈਂਕ ਵੱਲੋਂ ਗੈਰ-ਅਧਿਕ੍ਰਿਤ ਲੈਣ-ਦੇਣ ਬਾਰੇ ਭੇਜੇ ਗਏ ਸੰਚਾਰ ਦੀ ਪ੍ਰਾਪਤੀ ਤੋਂ ਤਿੰਨ ਕਾਰਜਕਾਰੀ ਦਿਨਾਂ ਦੇ ਅੰਦਰ ਬੈਂਕ ਨੂੰ ਸੂਚਿਤ ਕਰੇ।

(b) ਗ੍ਰਾਹਕ ਦੀ ਸੀਮਿਤ ਜ਼ਿੰਮੇਵਾਰੀ

ਨਮਨ ਲਿਖਤ ਹਾਲਤਾਂ ਵਿੱਚ ਗੈਰ-ਅਧਿਕ੍ਰਿਤ ਲੈਣ-ਦੇਣ ਕਾਰਨ ਹੋਏ ਨੁਕਸਾਨ ਵਾਸਤੇ ਗ੍ਰਾਹਕ ਜ਼ਿੰਮੇਵਾਰ ਹੋਵੇਗਾ:

i. ਜਿੱਥੇ ਨੁਕਸਾਨ ਗ੍ਰਾਹਕ ਦੀ ਲਾਪਰਵਾਹੀ ਕਾਰਨ ਹੋਇਆ ਹੋਵੇ, ਜਿਵੇਂ ਕਿ ਭੁਗਤਾਨ ਸਬੰਧੀ ਜਾਣਕਾਰੀ ਸਾਂਝੀ ਕਰ ਦੇਣਾ, ਉਸ ਹਾਲਤ ਵਿੱਚ ਗ੍ਰਾਹਕ ਪੂਰਾ ਨੁਕਸਾਨ ਉਸ ਵੇਲੇ ਤੱਕ ਝੱਲੇਗਾ ਜਦ ਤੱਕ ਉਹ ਗੈਰ-ਅਧਿਕ੍ਰਿਤ ਲੈਣ-ਦੇਣ ਬਾਰੇ ਬੈਂਕ ਨੂੰ ਸੂਚਿਤ ਨਹੀਂ ਕਰਦਾ। ਗੈਰ-ਅਧਿਕ੍ਰਿਤ ਲੈਣ-ਦੇਣ ਦੀ ਰਿਪੋਰਟ ਕਰਨ ਤੋਂ ਬਾਅਦ ਹੋਣ ਵਾਲਾ ਕੋਈ ਵੀ ਨੁਕਸਾਨ ਬੈਂਕ ਵੱਲੋਂ ਝੱਲਿਆ ਜਾਵੇਗਾ।

ii. ਜਿੱਥੇ ਗੈਰ-ਅਧਿਕ੍ਰਿਤ ਇਲੈਕਟ੍ਰਾਨਿਕ ਬੈਂਕਿੰਗ ਲੈਣ-ਦੇਣ ਦੀ ਜ਼ਿੰਮੇਵਾਰੀ ਨਾ ਬੈਂਕ ਦੀ ਹੋਵੇ ਅਤੇ ਨਾ ਹੀ ਗ੍ਰਾਹਕ ਦੀ, ਸਗੋਂ ਪ੍ਰਣਾਲੀ ਵਿੱਚ ਕਿਸੇ ਹੋਰ ਥਾਂ ਹੋਵੇ, ਅਤੇ ਗ੍ਰਾਹਕ ਬੈਂਕ ਵੱਲੋਂ ਭੇਜੇ ਗਏ ਸੰਚਾਰ ਦੀ ਪ੍ਰਾਪਤੀ ਤੋਂ ਚਾਰ ਤੋਂ ਸੱਤ ਕਾਰਜਕਾਰੀ ਦਿਨਾਂ ਦੇ ਅੰਦਰ ਬੈਂਕ ਨੂੰ ਸੂਚਿਤ ਕਰਨ ਵਿੱਚ ਦੇਰੀ ਕਰਦਾ ਹੈ, ਤਾਂ ਪ੍ਰਤੀ ਲੈਣ-ਦੇਣ ਗ੍ਰਾਹਕ ਦੀ ਜ਼ਿੰਮੇਵਾਰੀ ਲੈਣ-ਦੇਣ ਦੀ ਰਕਮ ਜਾਂ ਟੇਬਲ 1 ਵਿੱਚ ਦਰਜ ਰਕਮ ਵਿੱਚੋਂ ਜੋ ਘੱਟ ਹੋਵੇ, ਉਸ ਤੱਕ ਸੀਮਿਤ ਰਹੇਗੀ।

ਟੇਬਲ 1
ਪੈਰਾ 2 k) (b) (ii) ਤਹਿਤ ਗ੍ਰਾਹਕ ਦੀ ਅਧਿਕਤਮ ਜ਼ਿੰਮੇਵਾਰੀ

ਖਾਤੇ ਦੀ ਕਿਸਮ	ਅਧਿਕਤਮ ਜ਼ਿੰਮੇਵਾਰੀ (₹)
• ਬੀਐਸਬੀਡੀ ਖਾਤੇ	5,000
• ਸਾਰੇ ਹੋਰ ਬਚਤ ਬੈਂਕ ਖਾਤੇ • ਪ੍ਰੀ-ਪੇਡ ਭੁਗਤਾਨ ਸਾਧਨ ਅਤੇ ਗਿਫਟ ਕਾਰਡ • ਐਮਐਸਐਮਈ ਦੇ ਚਾਲੂ/ਕੈਸ਼ ਕਰੈਡਿਟ/ਓਵਰਡਰਾਫਟ ਖਾਤੇ • ਵਿਅਕਤੀਆਂ ਦੇ ਚਾਲੂ ਖਾਤੇ/ਕੈਸ਼ ਕਰੈਡਿਟ/ਓਵਰਡਰਾਫਟ ਖਾਤੇ, ਜਿਨ੍ਹਾਂ ਵਿੱਚ ਘੋਖਾਧੜੀ ਦੀ ਘਟਨਾ ਤੋਂ ਪਿਛਲੇ 365 ਦਿਨਾਂ ਦੌਰਾਨ ਸਾਲਾਨਾ ਔਸਤ ਬਕਾਇਆ ਜਾਂ ਸੀਮਾ ₹25 ਲੱਖ ਤੱਕ ਹੋਵੇ • ₹5 ਲੱਖ ਤੱਕ ਦੀ ਸੀਮਾ ਵਾਲੇ ਕਰੈਡਿਟ ਕਾਰਡ	10,000
• ਸਾਰੇ ਹੋਰ ਚਾਲੂ/ਕੈਸ਼ ਕਰੈਡਿਟ/ਓਵਰਡਰਾਫਟ ਖਾਤੇ • ₹5 ਲੱਖ ਤੋਂ ਵੱਧ ਸੀਮਾ ਵਾਲੇ ਕਰੈਡਿਟ ਕਾਰਡ	25,000

ਜੇ ਰਿਪੋਰਟ ਕਰਨ ਵਿੱਚ ਦੇਰੀ ਸੱਤ ਕਾਰਜਕਾਰੀ ਦਿਨਾਂ ਤੋਂ ਵੱਧ ਹੋ ਜਾਂਦੀ ਹੈ, ਤਾਂ ਗ੍ਰਾਹਕ ਦੀ ਜ਼ਿੰਮੇਵਾਰੀ ਬੈਂਕ ਦੀ ਬੋਰਡ ਦੁਆਰਾ ਮਨਜ਼ੂਰਸ਼ੁਦਾ ਨੀਤੀ ਮੁਤਾਬਿਕ ਨਿਰਧਾਰਤ ਕੀਤੀ ਜਾਵੇਗੀ।

(c) ਗ੍ਰਾਹਕ ਦੀ ਸ਼ੂਨਜ ਜ਼ਿੰਮੇਵਾਰੀ/ਸੀਮਿਤ ਜ਼ਿੰਮੇਵਾਰੀ ਵਾਸਤੇ ਵਾਪਸੀ ਸਮਾਂ-ਸੀਮਾ

ਗ੍ਰਾਹਕ ਵੱਲੋਂ ਸੂਚਨਾ ਪ੍ਰਾਪਤ ਹੋਣ 'ਤੇ ਬੈਂਕ ਗੈਰ-ਅਧਿਕ੍ਰਿਤ ਇਲੈਕਟ੍ਰਾਨਿਕ ਲੈਣ-ਦੇਣ ਨਾਲ ਸਬੰਧਿਤ ਰਕਮ ਗ੍ਰਾਹਕ ਦੇ ਖਾਤੇ ਵਿੱਚ 10 ਕਾਰਜਕਾਰੀ ਦਿਨਾਂ ਦੇ ਅੰਦਰ ਅਸਥਾਈ ਕਰੈਡਿਟ (ਸੈਡੋ ਰਿਵਰਸਲ) ਵਜੋਂ ਜਮ੍ਹਾਂ ਕਰੇਗਾ (ਭਾਵੇਂ ਬੀਮਾ ਦਾਅਵੇ ਦਾ ਨਿਪਟਾਰਾ ਬਾਕੀ ਹੋਵੇ)। ਬੈਂਕ ਆਪਦੇ ਪੂਰੇ ਵਿਵੇਕ ਅਧਿਕਾਰ ਮੁਤਾਬਿਕ ਗ੍ਰਾਹਕ ਦੀ ਲਾਪਰਵਾਹੀ ਦੇ ਮਾਮਲਿਆਂ ਵਿੱਚ ਵੀ ਗੈਰ-ਅਧਿਕ੍ਰਿਤ ਇਲੈਕਟ੍ਰਾਨਿਕ ਬੈਂਕਿੰਗ ਲੈਣ-ਦੇਣ ਸਬੰਧੀ ਗ੍ਰਾਹਕ ਦੀ ਜ਼ਿੰਮੇਵਾਰੀ ਮਾਫ਼ ਕਰਨ ਦਾ ਫੈਸਲਾ ਕਰ ਸਕਦਾ ਹੈ। ਕਰੈਡਿਟ ਕੀਤੀ ਜਾਣ ਵਾਲੀ ਰਕਮ ਉਸ ਗੈਰ-ਅਧਿਕ੍ਰਿਤ ਲੈਣ-ਦੇਣ ਦੀ ਰਕਮ ਦੇ ਬਰਾਬਰ ਹੋਵੇਗੀ ਜਿਸਦੀ ਰਿਪੋਰਟ ਕੀਤੀ ਗਈ ਹੈ।

3. ਨਿਯਮ ਅਤੇ ਸ਼ਰਤਾਂ ਵਿੱਚ ਸੋਧ:

ਬੈਂਕ ਆਪਦੇ ਵਿਵੇਕ ਮੁਤਾਬਿਕ ਇਸ ਦਸਤਾਵੇਜ਼ ਦੀਆਂ ਕਿਸੇ ਵੀ ਸ਼ਰਤਾਂ ਵਿੱਚ ਤਬਦੀਲੀ ਕਰ ਸਕਦਾ ਹੈ। ਹਾਲਾਂਕਿ, ਸ਼ੁਲਕਾਂ ਜਾਂ ਉਨ੍ਹਾਂ ਨਾਲ ਸਬੰਧਿਤ ਸ਼ਰਤਾਂ ਵਿੱਚ ਕੀਤੀ ਜਾਣ ਵਾਲੀ ਕੋਈ ਵੀ ਤਬਦੀਲੀ ਗ੍ਰਾਹਕ ਨੂੰ ਘੱਟੋ-ਘੱਟ 30 ਦਿਨ ਪਹਿਲਾਂ ਸੂਚਨਾ ਦੇਣ ਤੋਂ ਬਾਅਦ ਹੀ ਲਾਗੂ ਹੋਵੇਗੀ। ਅਜਿਹੀਆਂ ਤਬਦੀਲੀਆਂ ਗ੍ਰਾਹਕ ਨੂੰ ਵੱਖ-ਵੱਖ ਸੰਚਾਰ ਮਾਧਿਅਮਾਂ ਜ਼ਰੀਏ ਜਿਵੇਂ ਸਿੱਧੀ ਡਾਕ, ਇਲੈਕਟ੍ਰਾਨਿਕ ਅਤੇ ਪ੍ਰਿੰਟ ਬਿਆਨ, ਈਮੇਲ ਅਤੇ ਐਸਐਮਐਸ ਜ਼ਰੀਏ ਸੂਚਿਤ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਇਹ ਤਬਦੀਲੀਆਂ ਬੈਂਕ ਦੀ ਵੈੱਬਸਾਈਟ 'ਤੇ ਵੀ ਸਮੇਂ-ਸਮੇਂ ਅੱਪਡੇਟ ਕੀਤੀਆਂ ਜਾਣਗੀਆਂ।

30 ਦਿਨਾਂ ਦੀ ਸੂਚਨਾ ਅਵਧੀ ਪੂਰੀ ਹੋਣ ਤੋਂ ਬਾਅਦ, ਜੇ ਕਾਰਡਧਾਰਕ ਇਸ ਅਵਧੀ ਦੌਰਾਨ ਆਪਣੀ ਸਹਿਮਤੀ ਵਾਪਸ ਨਹੀਂ ਲੈਂਦਾ, ਤਾਂ ਇਹ ਮੰਨਿਆ ਜਾਵੇਗਾ ਕਿ ਉਸਨੇ ਸੋਧੀਆਂ ਗਈਆਂ ਸ਼ਰਤਾਂ ਨਮਜ਼ੂਰ ਕਰ ਵਾਸਤੇਆਂ ਹਨ।

4. ਲਾਗੂ ਕਾਨੂੰਨ ਅਤੇ ਕਾਨੂੰਨੀ ਅਧਿਕਾਰਤਾ:

ਇਹ ਨਿਯਮ ਅਤੇ ਸ਼ਰਤਾਂ, ਜਾਂ ਬੈਂਕ ਵਿੱਚ ਰੱਖੇ ਗਏ ਖਾਤਿਆਂ ਦੀ ਕਾਰਵਾਈ, ਜਾਂ ਬੈਂਕ ਦੁਆਰਾ ਗ੍ਰਾਹਕਾਂ ਨੂੰ ਪ੍ਰਦਾਨ ਕੀਤੀਆਂ ਸੇਵਾਵਾਂ, ਕੇਵਲ ਭਾਰਤ ਗਣਰਾਜ ਦੇ ਕਾਨੂੰਨਾਂ ਤਹਿਤ ਹੋਣਗੀਆਂ। ਕਿਸੇ ਵੀ ਵਿਵਾਦ/ਦਾਅਵੇ/ਮਾਮਲੇ ਨੂੰ ਮੁੰਬਈ ਦੇ ਅਧਿਕਾਰ ਖੇਤਰ ਹੇਠ ਆਉਣ ਵਾਲੀਆਂ ਅਦਾਲਤਾਂ ਜਾਂ ਟ੍ਰਿਬਿਊਨਲਾਂ ਵਿੱਚ ਪੇਸ਼ ਕੀਤਾ ਜਾਵੇਗਾ। ਬੈਂਕ ਕਿਸੇ ਵੀ ਗ੍ਰਾਹਕ ਵਿਰੁੱਧ ਕਿਸੇ ਵੀ ਅਦਾਲਤ/ਟ੍ਰਿਬਿਊਨਲ/ਪ੍ਰਾਧਿਕਰਨ ਵਿੱਚ ਕਾਰਵਾਈ ਸ਼ੁਰੂ ਕਰਨ ਦਾ ਅਧਿਕਾਰ ਰੱਖਦਾ ਹੈ ਅਤੇ ਗ੍ਰਾਹਕ ਇਸ ਅਧਿਕਾਰਤਾ ਨੂੰ ਨਮਜ਼ੂਰ ਕਰਦਾ ਹੈ।

ਜੇ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੀ ਕੋਈ ਵੀ ਧਾਰਾ ਕਾਨੂੰਨੀ ਤੌਰ 'ਤੇ ਅਵੈਧ, ਲਾਗੂ ਨਾ ਹੋਣ ਯੋਗ ਜਾਂ ਪ੍ਰਤੀਬੰਧਿਤ ਹੋ ਜਾਂਦੀ ਹੈ, ਤਾਂ ਅਜਿਹੀ ਅਵੈਧਤਾ ਕੇਵਲ ਉਸ ਧਾਰਾ ਤੱਕ ਹੀ ਸੀਮਿਤ ਰਹੇਗੀ ਅਤੇ ਬਾਕੀ ਧਾਰਾਵਾਂ ਦੀ ਵੈਧਤਾ ਪ੍ਰਭਾਵਿਤ ਨਹੀਂ ਹੋਵੇਗੀ।